ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਐਤਵਾਰ, 6 ਸਤੰਬਰ 2026 (ਨਾਨਕਸ਼ਾਹੀ ਸੰਮਤ : ੫੫੮, ੨੧ ਭਾਦੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਭਿਆਨਕ ਸੜਕ ਹਾਦਸੇ ’ਚ 8 ਇੰਜੀਨੀਅਰਿੰਗ ਵਿਦਿਆਰਥੀਆਂ ਦੀ ਮੌਤ; ਖੜ੍ਹੇ ਟਰੱਕ ਨਾਲ ਕਾਰ ਦੀ ਹੋਈ ਟੱਕਰ

**ਨਵੀਂ ਦਿੱਲੀ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਕੇਰਲ ਦੇ ਤ੍ਰਿਸ਼ੂਰ ਜ਼ਿਲ੍ਹੇ ਵਿੱਚ ਇੱਕ ਭਿਆਨਕ ਸੜਕ ਹਾਦਸੇ ਵਿੱਚ ਇੱਕ ਕਾਰ ਵਿੱਚ ਸਵਾਰ ਅੱਠ ਲੋਕਾਂ ਦੀ ਮੌਤ ਹੋ ਗਈ। ਪੁਲਿਸ ਨੇ ਸ਼ਨੀਵਾਰ ਨੂੰ ਦੱਸਿਆ ਕਿ ਇਹ ਸਾਰੇ ਗੁਆਂਢੀ ਰਾਜ ਤਾਮਿਲਨਾਡੂ ਦੇ ਵਿਦਿਆਰਥੀ ਸਨ।ਪੁਲਿਸ ਅਨੁਸਾਰ, ਇਹ ਹਾਦਸਾ ਸ਼ੁੱਕਰਵਾਰ ਰਾਤ 11:40 ਵਜੇ ਵਾਪਰਿਆ। ਸਾਰੇ ਵਿਦਿਆਰਥੀ ਤਾਮਿਲਨਾਡੂ ਦੇ ਡਿੰਡੀਗੁਲ ਵਿੱਚ ਪੀ.ਐਸ.ਐਮ. ਇੰਜੀਨੀਅਰਿੰਗ ਕਾਲਜ ਦੇ ਸਨ।ਉਨ੍ਹਾਂ ਦੀ ਕਾਰ ਅੱਧੀ ਰਾਤ ਦੇ ਕਰੀਬ ਤ੍ਰਿਸ਼ੂਰ ਦੇ ਕੈਪਮੰਗਲਮ ਵਿੱਚ ਪਨਾਮਬੀਕੰਨੂ ਨੇੜੇ ਰਾਸ਼ਟਰੀ ਰਾਜਮਾਰਗ 66 ’ਤੇ ਇੱਕ ਖੜੀ ਕਾਰਗੋ ਲਾਰੀ ਨਾਲ ਟਕਰਾ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਵਿੱਚ ਸਵਾਰ ਸਾਰੇ ਅੱਠ ਲੋਕਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਸਥਾਨਕ ਲੋਕਾਂ, ਅੱਗ ਬੁਝਾਊ ਅਤੇ ਬਚਾਅ ਕਰਮਚਾਰੀਆਂ ਅਤੇ ਪੁਲਿਸ ਦੁਆਰਾ ਬਚਾਅ ਕਾਰਜ ਤੋਂ ਬਾਅਦ ਲਾਸ਼ਾਂ ਨੂੰ ਕਾਰ ਵਿੱਚੋਂ ਬਾਹਰ ਕੱਢਿਆ ਗਿਆ। ਪੁਲਿਸ ਨੇ ਕਿਹਾ ਕਿ ਲਾਸ਼ਾਂ ਨੂੰ ਤ੍ਰਿਸ਼ੂਰ ਮੈਡੀਕਲ ਕਾਲਜ ਲਿਜਾਇਆ ਗਿਆ ਹੈ। ਪੁਲਿਸ ਦੀ ਜਾਣਕਾਰੀ ਅਨੁਸਾਰ, ਕਾਰ ਗੁਰੂਵਾਯੂਰ ਤੋਂ ਆ ਰਹੀ ਸੀ ਅਤੇ ਕੋਡੁੰਗਲੂਰ ਵੱਲ ਜਾ ਰਹੀ ਸੀ।ਪੁਲਿਸ ਨੇ ਮਾਮਲੇ ਦੀ ਕਾਰਵਾਈ ਅਤੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।




## ਨੇਪਾਲ ’ਚ ਨਹੀਂ ਰੁਕ ਰਿਹਾ ਮੌਤਾਂ ਦਾ ਸਿਲਸਿਲਾ !

# ਹੁਣ ਤੱਕ 1,344 ਮੌਤਾਂ, ਹਜ਼ਾਰਾਂ ਲਾਪਤਾ

**ਕਾਠਮੰਡੂ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਨੇਪਾਲ ’ਚ 26 ਅਗਸਤ ਨੂੰ ਆਏ ਭਿਆਨਕ ਹੜ੍ਹਾਂ ਅਤੇ ਲੈਂਡਸਲਾਈਡ ਤੋਂ ਬਾਅਦ ਰੈਸਕਿਊ ਆਪਰੇਸ਼ਨ ਲਗਾਤਾਰ ਜਾਰੀ ਹਨ। ਨੇਪਾਲ ਪੁਲਸ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ ਇਸ ਕੁਦਰਤੀ ਆਫ਼ਤ ’ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 1,344 ਤੱਕ ਪਹੁੰਚ ਗਈ ਹੈ, ਜਦਕਿ 4,000 ਤੋਂ ਵੱਧ ਹਾਲੇ ਵੀ ਲਾਪਤਾ ਦੱਸੇ ਜਾ ਰਹੇ ਹਨ। ਇਸੇ ਦੌਰਾਨ ਹੜ੍ਹ ਪ੍ਰਭਾਵਿਤ ’ਬਿਦੁਰ’ ਖੇਤਰ ’ਚ ਪੀਣ ਵਾਲੇ ਪਾਣੀ ਦੇ 15 ਵਿੱਚੋਂ 5 ਸਰੋਤਾਂ ’ਚ E. coli ਬੈਕਟੀਰੀਆ ਦੀ ਪੁਸ਼ਟੀ ਹੋਈ ਹੈ। ਸਿਹਤ ਵਿਭਾਗ ਵੱਲੋਂ 1 ਲੱਖ ਪ੍ਰਭਾਵਿਤ ਲੋਕਾਂ ਨੂੰ ਹੈਜ਼ਾ ਅਤੇ 75,000 ਤੋਂ ਵੱਧ ਬੱਚਿਆਂ ਨੂੰ ਖਸਰੇ ਦੇ ਟੀਕੇ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।ਨੇਪਾਲ ਦੇ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਨੇ ਰਸੂਵਾ ਅਤੇ ਨੁਵਾਕੋਟ ਲਈ 1-1 ਕਰੋੜ ਨੇਪਾਲੀ ਰੁਪਏ, ਧਾਦਿੰਗ ਲਈ 50 ਲੱਖ ਰੁਪਏ ਅਤੇ 15 ਸਥਾਨਕ ਨਗਰ ਨਿਗਮਾਂ ਲਈ 13.5 ਕਰੋੜ ਨੇਪਾਲੀ ਰੁਪਏ ਦੀ ਤੁਰੰਤ ਸਹਾਇਤਾ ਰਾਸ਼ੀ ਜਾਰੀ ਕੀਤੀ ਹੈ। ਭਾਰਤੀ ਰਾਜਦੂਤ ਨਵੀਨ ਸ਼੍ਰੀਵਾਸਤਵ ਅਨੁਸਾਰ, ਭਾਰਤ ਨੇ ਹੁਣ ਤੱਕ 5 ਹਵਾਈ ਜਹਾਜ਼ਾਂ ਰਾਹੀਂ ਜ਼ਰੂਰੀ ਰਾਹਤ ਸਮੱਗਰੀ ਨੇਪਾਲ ਭੇਜੀ ਹੈ। ਭਾਰਤ ਦੀਆਂ ਵਿਸ਼ੇਸ਼ ਟਨਲ ਰੈਸਕਿਊ ਟੀਮਾਂ ਅਤੇ 19 ਮੈਂਬਰੀ ਫੋਰੈਂਸਿਕ ਟੀਮ ਨੇਪਾਲੀ ਫੌਜ ਨਾਲ ਮਿਲ ਕੇ ਸਰਚ ਅਭਿਆਨ ਚਲਾ ਰਹੀ ਹੈ। ਅਮਰੀਕੀ ਸੰਸਦ ਮੈਂਬਰਾਂ ਦੇ ਇੱਕ ਗਰੁੱਪ ਨੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਅਪੀਲ ਕੀਤੀ ਹੈ ਕਿ ਨੇਪਾਲ ਵਿੱਚ ਅਮਰੀਕੀ ਆਫ਼ਤ ਸਹਾਇਤਾ ਟੀਮ ਭੇਜੀ ਜਾਵੇ ਅਤੇ ਦੇਸ਼ ਦੇ ਮੁੜ ਨਿਰਮਾਣ ਲਈ ਮਦਦ ਦਿੱਤੀ ਜਾਵੇ।



## ਮੋਹਨਜੀਤ ਸਿੰਘ ਸ਼ੇਰੋਂ ਮਾਮਲੇ ਵਿੱਚ ਪੰਜਾਬ ਪੁਲਿਸ ਦਾ ਵੱਡਾ ਐਕਸ਼ਨ

**ਚੰਡੀਗੜ੍ਹ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਮੋਹਨਜੀਤ ਸਿੰਘ ਸ਼ੇਰੋਂ ਮਾਮਲੇ ਵਿੱਚ ਪੰਜਾਬ ਸਰਕਾਰ ਵੱਲੋਂ ਵੱਡੀ ਕਾਰਵਾਈ ਕੀਤੀ ਗਈ ਹੈ। ਡੀਐਸਪੀ ਹਰਵਿੰਦਰ ਸਿੰਘ ਦਾ ਤਬਾਦਲਾ ਕਰ ਦਿੱਤਾ ਗਿਆ ਹੈ।ਤਿੰਨ ਪੁਲਿਸ ਮੁਲਾਜ਼ਮਾਂ ਨੂੰ ਤੁਰੰਤ ਪ੍ਰਭਾਵ ਨਾਲ ਪੁਲਿਸ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ।ਇੰਸਪੈਕਟਰ ਪ੍ਰਤੇਕ ਜਿੰਦਲ, ਐਸਆਈ ਬਲਜੀਤ ਸਿੰਘ, ਅਤੇ ਏਐਸਆਈ ਹਰਪ੍ਰੀਤ ਸਿੰਘ ਨੂੰ ਪੁਲਿਸ ਲਾਈਨ ਸੰਗਰੂਰ ਭੇਜਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸੁਨਾਮ ਹਲਕੇ ਦੇ ਪਿੰਡ ਸ਼ੇਰੋਂ ਵਿੱਚ ਮੁੱਖ ਮੰਤਰੀ ਦੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਕਾਲਾ ਕੱਪੜਾ ਲਹਿਰਾ ਕੇ ਵਿਰੋਧ ਕਰਨ ’ਤੇ ਹਿਰਾਸਤ ’ਚ ਲਏ ਗਏ ਪਿੰਡ ਦੇ ਨੌਜਵਾਨ ਮੋਹਣਜੀਤ ਸਿੰਘ ਨੂੰ ਪਹਿਲਾਂ ਪੁਲੀਸ ਨੇ ਕਾਬੂ ਕਰ ਲਿਆ ਸੀ। ਰਿਹਾਅ ਹੋਣ ਮਗਰੋਂ ਮੋਹਨਜੀਤ ਸਿੰਘ ਨੇ ਪੁਲਿਸ ’ਤੇ ਤਸ਼ੱਦਦ ਕਰਨ ਦੇ ਦੋਸ਼ ਲਾਏ।ਮੋਹਣਜੀਤ ਸਿੰਘ ਨੂੰ ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸਥਾਨਕ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਲਈ ਲੈ ਕੇ ਪੁੱਜੇ।ਮੁੱਖ ਮੰਤਰੀ ਭਗਵੰਤ ਮਾਨ ਦੇ ਸੁਨਾਮ ’ਚ ਪਿੰਡ ਸ਼ੇਰੋਂ ਵਿਖੇ ਸੱਥ ਪ੍ਰੋਗਰਾਮ ਦੌਰਾਨ ਇੱਕ ਸਿੱਖ ਨੌਜਵਾਨ ਦੀ ਪੁਲਿਸ ਵੱਲੋਂ ਕੁੱਟਮਾਰ ਦੇ ਮਾਮਲੇ ’ਚ ਹਸਪਤਾਲ ਦਾਖਲ ਨੌਜਵਾਨ ਨੇ ਵੱਡੇ ਖੁਲਾਸੇ ਕੀਤੇ ਹਨ। ਸਿਵਲ ਹਸਪਤਾਲ ’ਚ ਦਾਖਲ ਮੋਹਨਜੀਤ ਸਿੰਘ ਨੇ ਪੰਜਾਬ ਪੁਲਿਸ ’ਤੇ ਗੰਭੀਰ ਦੋਸ਼ ਲਾਏ ਹਨ। ਦੱਸ ਦਈਏ ਕਿ ਮੋਹਨਜੀਤ ਸਿੰਘ ਦੀ ਸਿਹਤ ਦਾ ਲਗਾਤਾਰ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਹਾਲ ਜਾਣਿਆ ਜਾ ਰਿਹਾ ਹੈ ਅਤੇ ਕਈ ਲੀਡਰ ਮੌਕੇ ’ਤੇ ਪਹੁੰਚੇ ਹਨ। ਇਸ ਮੌਕੇ ਮੋਹਨਜੀਤ ਸਿੰਘ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਪ੍ਰੋਗਰਾਮ ਚੱਲ ਰਿਹਾ ਸੀ, ਜਿਸ ਦੌਰਾਨ ਉਹ ਮੁੱਖ ਮੰਤਰੀ ਨੂੰ ਪੰਜਾਬ ’ਚੋਂ ਚਿੱਟਾ ਖਤਮ ਕਰਨ ਦੇ ਸਬੰਧ ’ਚ ਸਵਾਲ ਕਰਨੇ ਚਾਹੁੰਦਾ ਸੀ, ਪਰ ਉਸ ਦੀ ਇੱਕ ਨਹੀਂ ਸੁਣੀ ਗਈ, ਸਗੋਂ ਉਸ ਦੇ ਘਰ ਪੁਲਿਸ ਭੇਜ ਦਿੱਤੀ ਗਈ।



## ਚੰਡੀਗੜ੍ਹ ਪੁਲਿਸ ਨੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਲਿਆ ਹਿਰਾਸਤ ’ਚ, ਰਿਹਾਅ

**ਚੰਡੀਗੜ੍ਹ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੀ ਮਹਿਲਾ ਵਿੰਗ, ਇਸਤਰੀ ਅਕਾਲੀ ਦਲ, ਪਾਰਟੀ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦੇ ਬਾਹਰ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।ਇਸੇ ਦੇ ਚੱਲਦੇ ਸਾਂਸਦ ਹਰਸਿਮਰਤ ਕੌਰ ਬਾਦਲ, ਵਿਧਾਇਕਾ ਗਨੀਵ ਕੌਰ ਸਣੇ ਵੱਡੀ ਗਿਣਤੀ ’ਚ ਅਕਾਲੀ ਵਰਕਰਾਂ ਵੱਲੋਂ ਸੀਐੱਮ ਮਾਨ ਦੀ ਰਿਹਾਇਸ਼ ਵੱਲ ਕੂਚ ਕੀਤਾ ਗਿਆ। ਇਸ ਦੌਰਾਨ ਚੰਡੀਗੜ੍ਹ ਪੁਲਿਸ ਵੱਲੋਂ ਭਾਰੀ ਬੈਰੀਕੈਡਿੰਗ ਕੀਤੀ ਗਈ ਹੈ। ਦੱਸ ਦਈਏ ਕਿ ਪੁਲਿਸ ਵੱਲੋਂ ਵਿਧਾਇਕਾ ਗਨੀਵ ਕੌਰ ਅਤੇ ਸਾਂਸਦ ਹਰਸਿਮਰਤ ਕੌਰ ਬਾਦਲ ਨੂੰ ਹਿਰਾਸਤ ’ਚ ਲੈ ਲਿਆ ਹੈ। ਇਹ ਵਿਰੋਧ ਪ੍ਰਦਰਸ਼ਨ ਦੋ ਵੱਖ-ਵੱਖ ਪਰ ਓਵਰਲੈਪਿੰਗ ਵਿਵਾਦਾਂ ਨੂੰ ਲੈ ਕੇ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਵਿਰੋਧੀ ਧਿਰ ਵਿਚਕਾਰ ਵਧਦੇ ਟਕਰਾਅ ਦੇ ਦਿਨਾਂ ਤੋਂ ਬਾਅਦ ਹੋਇਆ ਹੈ। ਰੋਸ ਪ੍ਰਦਰਸ਼ਨ ਤੋਂ ਪਹਿਲਾਂ ਹਰਸਿਮਰਤ ਕੌਰ ਬਾਦਲ ਦਾ ਪੰਜਾਬ ਸਰਕਾਰ ’ਤੇ ਸ਼ਬਦੀ ਹਮਲਾ ਕਰਦੇ ਹੋਏ ਕਿਹਾ ਕਿ ਕੁੜੀਆਂ ਨੇ ਮੁੱਖ ਮੰਤਰੀ ਸਾਹਮਣੇ ਇਨਸਾਫ ਦੀ ਲਈ ਗੁਹਾਰ ਲਾਈ। ਇੱਕ ਬਲਾਤਕਾਰੀ ਤੋਂ 5 ਕਰੋੜ ਰੁਪਏ ਲੈ ਕੇ ਆਜ਼ਾਦ ਕਰ ਦਿੱਤਾ ਗਿਆ। ਸੀਐੱਮ ਦੀ ਪਤਨੀ ਨੇ 5 ਕਰੋੜ ਦੀ ਕੀਮਤ ਇੱਕ ਕੁੜੀ ਦੀ ਇੱਜ਼ਤ ’ਤੇ ਲਗਾ ਦਿੱਤੀ। ਕੀ ਮੁੱਖ ਮੰਤਰੀ ਦੀ ਇਜ਼ਾਜਤ ਤੋਂ ਬਗੈਰ ਬਲਾਤਕਾਰੀ ਦੀ ਰਿਹਾਈ ਹੋ ਸਕਦੀ ਸੀ ? ਸ਼੍ਰੋਮਣੀ ਅਕਾਲੀ ਦਲ ਮੁੱਖ ਮੰਤਰੀ ਦੀ ਪਤਨੀ ’ਤੇ ਪੰਜ ਕਰੋੜ ਰੁਪਏ ਮੰਗਣ ਦੇ ਗੰਭੀਰ ਇਲਜ਼ਾਮਾਂ ਦੀ ਨਿਰਪੱਖ ਜਾਂਚ ਦੀ ਮੰਗ ਕਰਦਾ ਹੈ। ਪਾਰਟੀ ਇਸ ਮਾਮਲੇ ’ਤੇ ਸਰਕਾਰ ’ਤੇ ਲਗਾਤਾਰ ਹਮਲਾ ਕਰਦੀ ਰਹੀ ਹੈ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਇਨ੍ਹਾਂ ਇਲਜ਼ਾਮਾਂ ਦਾ ਨੋਟਿਸ ਲਿਆ ਹੈ ਅਤੇ ਪੰਜਾਬ ਦੇ ਮੁੱਖ ਸਕੱਤਰ ਅਤੇ ਪੁਲਿਸ ਡਾਇਰੈਕਟਰ ਜਨਰਲ ਤੋਂ ਜਾਂਚ ਅਤੇ ਕਾਰਵਾਈ ਰਿਪੋਰਟ ਮੰਗੀ ਹੈ। ਹਾਲਾਂਕਿ, ਇਹ ਦੋਸ਼ ਅਜੇ ਵੀ ਜਾਂਚ ਅਧੀਨ ਹਨ ਅਤੇ ਅਦਾਲਤ ਵਿੱਚ ਸਾਬਤ ਨਹੀਂ ਹੋਏ ਹਨ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਇਲਜ਼ਾਮ ਲਗਾਇਆ ਹੈ ਕਿ ਮੁੱਖ ਮੰਤਰੀ ਮਾਨ ਦੇ ਵਿਸ਼ੇਸ਼ ਡਿਊਟੀ ’ਤੇ ਅਧਿਕਾਰੀ, ਰਾਜਬੀਰ ਸਿੰਘ ਘੁੰਮਣ, ਗੁਪਤ ਸਰਕਾਰੀ ਦਸਤਾਵੇਜ਼ ਲੀਕ ਕਰਨ ਅਤੇ ਪੈਸੇ ਲਈ ਪੋਸਟਿੰਗ, ਹਥਿਆਰ ਲਾਇਸੈਂਸ ਅਤੇ ਹੋਰ ਪ੍ਰਵਾਨਗੀਆਂ ਦੀ ਸਹੂਲਤ ਦੇਣ ਦੇ ਦੋਸ਼ ਵਿੱਚ, ਇੱਕ ਵਿਚੋਲੇ ਦੁਆਰਾ ਕਥਿਤ ਤੌਰ ’ਤੇ ਵਿਚੋਲੇ ਵਜੋਂ ਕੰਮ ਕੀਤਾ ਜਾ ਰਿਹਾ ਹੈ। ਵੱਖਰੇ ਤੌਰ ’ਤੇ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜੱਜ ਰਣਜੀਤ ਸਿੰਘ ਨੇ ਮੁੱਖ ਮੰਤਰੀ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ’ਤੇ ਜ਼ਬਰ ਜਨਾਹ ਦੇ ਮਾਮਲੇ ਨੂੰ ਸੁਲਝਾਉਣ ਲਈ 5 ਕਰੋੜ ਰੁਪਏ ਮੰਗਣ ਦਾ ਇਲਜ਼ਾਮ ਲਗਾਇਆ ਹੈ।



## ਭਾਈ ਜਸਵੰਤ ਸਿੰਘ ਖਾਲੜਾ ਨੂੰ ਮਾਰ ਕੇ ਸੱਚ ਨੂੰ ਮਾਰਨ ਦੀ ਹੋਈ ਕੋਸ਼ਿਸ਼, ਪਰ ਸ਼ਹਾਦਤ ਨੇ ਜ਼ੁਲਮ ਦਾ ਚਿਹਰਾ ਦੁਨੀਆ ਸਾਹਮਣੇ ਕਰ ਦਿੱਤਾ ਨੰਗਾ: ਭਾਈ ਪਰਮਜੀਤ ਸਿੰਘ ਭਿਓਰਾ

**ਨਵੀਂ ਦਿੱਲੀ 5 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:-ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਮਹਾਨ ਕੁਰਬਾਨੀ ਸਿੱਖ ਕੌਮ ਦੇ ਇਤਿਹਾਸ ਵਿਚ ਹੱਕ, ਸੱਚ ਅਤੇ ਮਨੁੱਖੀ ਅਧਿਕਾਰਾਂ ਲਈ ਲੜੀ ਗਈ ਲੜਾਈ ਦਾ ਇਕ ਅਮਰ ਪ੍ਰਤੀਕ ਹੈ। ਤਤਕਾਲੀਨ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੇ ਪੰਜਾਬ ਵਿਚ ਹਜ਼ਾਰਾਂ ਅਣਪਛਾਤੀਆਂ ਦੇਹਾਂ ਦੇ ਨਾਮ ਹੇਠ ਝੂਠੇ ਪੁਲਿਸ ਮੁਕਾਬਲਿਆਂ ਵਿਚ ਨਿਰਦੋਸ਼ ਸਿੱਖ ਨੌਜਵਾਨਾਂ ਦਾ ਕਤਲੇਆਮ ਕੀਤਾ। ਜਦੋਂ ਸਾਰਾ ਦੇਸ਼ ਅਤੇ ਅਦਾਲਤਾਂ ਇਸ ਸਰਕਾਰੀ ਜ਼ੁਲਮ ਉਪਰ ਚੁੱਪ ਧਾਰੀ ਬੈਠੀਆਂ ਸਨ, ਉਦੋਂ ਭਾਈ ਖਾਲੜਾ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਸਰਕਾਰੀ ਜ਼ੁਲਮਾਂ ਦੇ ਪੁਖਤਾ ਸਬੂਤ ਇਕੱਠੇ ਕੀਤੇ ਅਤੇ ਦੁਨੀਆ ਦੇ ਸਾਹਮਣੇ ਪੰਜਾਬ ਵਿਚ ਹੋ ਰਹੇ ਨਸਲਕੁਸ਼ੀ ਦੇ ਭਿਆਨਕ ਸੱਚ ਨੂੰ ਉਜਾਗਰ ਕੀਤਾ। ਇੰਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬੁੜੈਲ ਜੇਲ੍ਹ ਅੰਦਰ ਬੰਦ ਖਾੜਕੂ ਸਿੰਘ ਭਾਈ ਪਰਮਜੀਤ ਸਿੰਘ ਭਿਓਰਾ ਨੇ ਕਿਹਾ ਤਤਕਾਲੀਨ ਹਾਕਮਾਂ ਨੇ ਆਪਣੇ ਜ਼ੁਲਮਾਂ ਅਤੇ ਗੁਨਾਹਾਂ ਨੂੰ ਛੁਪਾਉਣ ਲਈ ਭਾਈ ਖਾਲੜਾ ਨੂੰ ਅਗਵਾ ਕਰਕੇ ਅੰਨ੍ਹਾ ਤਸ਼ੱਦਦ ਢਾਹਿਆ ਅਤੇ ਅੰਤ ਵਿਚ ਓਹਨਾਂ ਨੂੰ ਸ਼ਹੀਦ ਕਰ ਦਿੱਤਾ। ਸਰਕਾਰ ਸੋਚਦੀ ਸੀ ਕਿ ਭਾਈ ਖਾਲੜਾ ਨੂੰ ਖਤਮ ਕਰਕੇ ਉਹ ਸੱਚ ਦੀ ਆਵਾਜ਼ ਨੂੰ ਹਮੇਸ਼ਾ ਲਈ ਦਬਾ ਦੇਵੇਗੀ, ਪਰ ਇਹ ਓਹਨਾਂ ਦੀ ਸਭ ਤੋਂ ਵੱਡੀ ਭੁੱਲ ਸੀ। ਸਰਕਾਰੀ ਤਸ਼ੱਦਦ ਵੀ ਓਹਨਾਂ ਦੇ ਸਿਦਕ, ਅਣਖ ਅਤੇ ਸੱਚ ਪ੍ਰਤੀ ਦ੍ਰਿੜ੍ਹਤਾ ਨੂੰ ਡੋਗ ਨਹੀਂ ਸਕਿਆ। ਓਹਨਾਂ ਦੀ ਸ਼ਹਾਦਤ ਨੇ ਇਹ ਸਾਬਤ ਕਰ ਦਿੱਤਾ ਕਿ ਸੱਚ ਅਤੇ ਧਰਮ ਦੀ ਖਾਤਰ ਦਿੱਤੀ ਗਈ ਕੁਰਬਾਨੀ ਕਦੇ ਵਿਅਰਥ ਨਹੀਂ ਜਾਂਦੀ, ਬਲਕਿ ਉਹ ਜ਼ੁਲਮ ਦੀਆਂ ਨੀਹਾਂ ਹਿਲਾ ਕੇ ਰੱਖ ਦਿੰਦੀ ਹੈ। ਭਾਈ ਭਿਓਰਾ ਨੇ ਕਿਹਾ ਜਾਲਮ ਹਕੂਮਤਾਂ ਆਪਣੇ ਜੁਲਮ, ਬੰਦੂਕਾਂ ਅਤੇ ਜੇਲ੍ਹਾਂ ਦੇ ਜੋਰ ਨਾਲ ਸੱਚ ਦੀ ਆਵਾਜ ਨੂੰ ਕਦੇ ਨਹੀਂ ਦਬਾ ਸਕਦੀਆਂ। ਭਾਈ ਖਾਲੜਾ ਦੀ ਸ਼ਹਾਦਤ ਨੇ ਸਾਡੇ ਵਰਗੇ ਹਜਾਰਾਂ ਜੁਝਾਰੂਆਂ ਦੇ ਮਨਾਂ ਵਿਚ ਓਹ ਅੱਗ ਬਾਲੀ ਹੈ ਜੋ ਹੱਕ, ਛਤਰ ਅਤੇ ਖਾਲਸਾ ਰਾਜ ਦੇ ਨਿਸਾਨ ਤੱਕ ਬੁਝਣ ਵਾਲੀ ਨਹੀਂ। ਅਸੀਂ ਹਾਕਮਾਂ ਦੇ ਤਸ਼ੱਦਦ ਤੋਂ ਡਰਨ ਵਾਲੇ ਨਹੀਂ, ਸਗੋਂ ਓਹਨਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਓਹਨਾਂ ਦੇ ਜੁਲਮਾਂ ਦਾ ਹਿਸਾਬ ਮੰਗਣ ਵਾਲੇ ਹਾਂ। ਓਹਨਾਂ ਦੇ ਖ਼ੂਨ ਦਾ ਇੱਕ-ਇੱਕ ਕਤਰਾ ਸਾਨੂੰ ਅਣਖ, ਆਜਾਦੀ ਅਤੇ ਸਰਬੱਤ ਦੇ ਭਲੇ ਲਈ ਆਖਰੀ ਸਾਹ ਤੱਕ ਲੜਨ ਦਾ ਵੰਗਾਰ ਦਿੰਦਾ ਹੈ। ਭਾਈ ਪਰਮਜੀਤ ਸਿੰਘ ਭਿਓਰਾ ਨੇ ਕਿਹਾ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਅੱਜ ਵੀ ਸਾਡੇ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕਰਨ ਦੀ ਸਭ ਤੋਂ ਵੱਡੀ ਪ੍ਰੇਰਨਾ ਹੈ। ਓਹਨਾਂ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਚਾਹੇ ਸਾਹਮਣੇ ਕਿੱਡੀ ਵੀ ਜਾਲਮ ਅਤੇ ਸ਼ਕਤੀਸ਼ਾਲੀ ਹਕੂਮਤ ਕਿਉਂ ਨਾ ਹੋਵੇ, ਹੱਕ, ਸੱਚ ਅਤੇ ਇਨਸਾਫ਼ ਦੀ ਲੜਾਈ ਤੋਂ ਕਦੇ ਪਿੱਛੇ ਨਹੀਂ ਹਟਣਾ ਚਾਹੀਦਾ। ਅਸੀਂ ਓਹਨਾਂ ਦੀ ਕੁਰਬਾਨੀ ਨੂੰ ਪ੍ਰਣਾਮ ਕਰਦੇ ਹਾਂ ਅਤੇ ਇਹ ਅਹਿਦ ਲੈਂਦੇ ਹਾਂ ਕਿ ਸਿੱਖ ਕੌਮ ਉਪਰ ਹੋਏ ਜ਼ੁਲਮਾਂ ਦੇ ਇਨਸਾਫ਼ ਲਈ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਾਡਾ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸੱਚ ਦੀ ਜਿੱਤ ਨਹੀਂ ਹੋ ਜਾਂਦੀ।





ਆਵਾਜ਼ਿ ਕੌਮ
AWAZE QAUM
International Newspaper & WEB TV

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਅਤੇ
ਧੰਨ-ਧੰਨ ਮਾਤਾ ਸਹਿਬ ਕੌਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ

# 30ਵਾਂ
# ਸਲਾਨਾ ਗੁਰਮਤਿ ਸਮਾਗਮ

ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ)
(ਬੱਕਰਾਂ ਦੇ ਹਾਈ ਕੋਰਟ)

ਮਿਤੀ 1 ਨਵੰਬਰ 2026 ਦਿਨ ਐਤਵਾਰ
ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ।



ਸੰਤ ਬਾਬਾ ਜਰਨੈਲ ਸਿੰਘ ਜੀ
ਖਾਲਸਾ ਭਿੰਡਰਾਂਵਾਲੇ

ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਮੈਂਬਰ ਸ਼੍ਰੋਮਣੀ ਕਮੇਟੀ, ਨਿਰਮਲੇ, ਉਦਾਸੀ, ਧਾਰਮਿਕ, ਸੰਯੁਕਤ ਕਿਸਾਨ ਮੋਰਚੇ ਦੇ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਪੰਥਕ ਅਕਾਲੀ ਦਲ ਭਾਰਤ ਅਤੇ ਯੂ.ਕੇ. ਦੇ ਸਮੂਹ ਅਹੁਦੇਦਾਰ, ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।
ਸਭ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਵੱਧ ਤੋਂ ਵੱਧ ਸੰਗਤਾਂ ਲੈ ਕੇ ਸਮਾਗਮਾਂ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



30 ਅਕਤੂਬਰ 2026 ਦਿਨ ਸ਼ੁੱਕਰਵਾਰ
ਅਰੰਭ ਸ੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

1 ਨਵੰਬਰ 2026 ਦਿਨ ਐਤਵਾਰ ਨੂੰ
ਭੋਗ ਸ੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ
ਸ਼ਾਮ 3-00 ਵਜੇ ਤੱਕ ਦੀਵਾਨ ਸਜਣਗੇ।

ਨੋਟ :- 20 ਅਕਤੂਬਰ ਤੋਂ 1 ਨਵੰਬਰ ਤੱਕ 13 ਦਿਨ ਸਮਾਗਮ ਚੱਲੇਗਾ।



## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਮੁੱਖ ਬੁਲਾਰਾ ਅੰਤਰਰਾਸ਼ਟਰੀ ਪੰਥਕ ਅਕਾਲੀ ਦਲ
ਮੈਂਬਰ ਐਸ.ਜੀ.ਪੀ.ਸੀ.
ਮੋ: 98141-27470, 73408-35137
ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404

# 2 ਸਤੰਬਰ ਨੂੰ ਮੋਹਨਜੀਤ ਸਿੰਘ ਸ਼ੇਰੋ ਤੇ ਪੁਲਿਸ ਵੱਲੋਂ ਕੀਤਾ ਗਿਆ ਅੰਨਾ ਅੱਣ ਮਨੁੱਖੀ ਤਸ਼ੱਦਦ ਵੇਖ ਕੇ ਬੁੱਚੜ ਕੇ ਪੀ ਐਸ ਗਿੱਲ ਅਤੇ ਬੁੱਚੜ



**ਮੈਂ ਇੱਥੇ ਬੁੱਚੜ ਭਗਵੰਤ ਮਾਨ ਨੂੰ ਕਹਿਣਾ ਚਾਹੁੰਦਾ ਹਾਂ ਪਾਪੀ ਕੇ ਮਾਰਨੇ ਕੋ ਪਾਪ ਮਹਾਬਲੀ ਹੈ ਪਾਪ ਕਮਾਵਦਿਆ ਤੇਰਾ ਕੋਈ ਨਾ ਬੇਲੀ ਰਾਮ**

2 ਸਤੰਬਰ ਨੂੰ ਮੋਹਨਜੀਤ ਸਿੰਘ ਸ਼ੇਰੋ ਵੱਲੋਂ ਪੰਜਾਬ ਦੇ ਹੰਕਾਰੀ ਮੁੱਖ ਮੰਤਰੀ ਭਗਵੰਤ ਮਾਨ ਦੇ ਪ੍ਰੋਗਰਾਮ ਵਿੱਚ ਆਪਣਾ ਰੋਸ ਦਰਜ ਕਰਾਉਣ ਵਾਸਤੇ ਮੋਹਨਜੀਤ ਸਿੰਘ ਨੇ ਦਲੇਰਾਨਾ ਕਦਮ ਚੁੱਕਦੇ ਹੋਏ ਪੰਡਾਲ ਤੋਂ ਬਾਹਰੋਂ ਕਾਲਾ ਝੰਡਾ ਦਿਖਾ ਕੇ ਰੋਸ ਦਰਜ ਕੀਤਾ ਜੋ ਹਰ ਮਨੁੱਖ ਦਾ ਕਾਨੂੰਨੀ ਅਧਿਕਾਰ ਹੈ ਕੋਈ ਗੈਰ ਕਾਨੂੰਨੀ ਕੰਮ ਨਹੀਂ ਕੀਤਾ ਪਰ ਪੰਜਾਬ ਸਰਕਾਰ ਦੀ ਗੁਲਾਮ ਹੋਈ ਪੰਜਾਬ ਪੁਲਿਸ ਦੇ ਅਫਸਰਾਂ ਵੱਲੋਂ ਮੋਹਨਜੀਤ ਸਿੰਘ ਨੂੰ ਪਹਿਲਾਂ ਕੋਠੇ ਉੱਪਰ ਹੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਫਿਰ ਥਾਣੇ ਜਾ ਕੇ ਅੱਣ ਮਨੁੱਖਾ ਤਸ਼ੱਦਦ ਕਰ ਚੱਡੇ ਪਾੜਨਾ ਨਗਨ ਅਵਸਥਾ ਦੇ ਵਿੱਚ ਗੁਪਤ ਅੰਗਾਂ ਦੇ ਉੱਤੇ ਕਰੰਟ ਲਾਉਣਾ ਅਤੇ ਸਰੀਰ ਉੱਤੇ ਪੱਛ ਲਾ ਕੇ ਨਮਕ ਲਾਉਣਾ ਇਹ ਬੁੱਚੜ ਕੇ ਪੀ ਐਸ ਗਿੱਲ ਅਤੇ ਬੁੱਚੜ ਬੇਅੰਤੇ ਮੁੱਖ ਮੰਤਰੀ ਦੇ ਸਮੇਂ ਨੂੰ ਯਾਦ ਕਰਾਉਂਦਾ ਹੈ ਇਸ ਦੀ ਪੰਜਾਬ ਦੇ ਹਰ ਮਨੁੱਖ ਵੱਲੋਂ ਹਰ ਸਿਆਸੀ ਜਥੇਬੰਦੀ ਵੱਲੋਂ ਬਹੁਤ ਸਖਤ ਲਫਜ਼ਾਂ ਦੇ ਵਿੱਚ ਨਿੰਦਾ ਕੀਤੀ ਜਾ ਰਹੀ ਹੈ ਇਹ ਜੋ ਕੁਝ ਹੋਇਆ ਹੈ ਹੋ ਰਿਹਾ ਹੈ ਇਹ ਬਹੁਤ ਹੀ ਮੰਦਭਾਗਾ ਹੈ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵਾਲੇ ਵਿਅਕਤੀਆਂ ਵੱਲੋਂ ਗੰਧਲਾ ਪੰਜਾਬ ਹੀ ਨਹੀਂ ਤਸ਼ਦਤ ਭਰਿਆ ਪੰਜਾਬ ਬਣਾ ਕੇ ਰੱਖ ਦਿੱਤਾ ਹੈ ਨਿਤ ਦਿਹਾੜੇ ਨੌਜਵਾਨਾਂ ਦੇ ਲੱਤਾਂ ਵਿੱਚ ਗੋਲੀਆਂ ਮਾਰੀਆਂ ਜਾ ਰਹੀਆਂ ਹਨ ਅਤੇ ਝੂਠੇ ਪੁਲਿਸ ਮੁਕਾਬਲੇਆਂ ਵਿੱਚ ਕਤਲ ਕੀਤੇ ਜਾ ਰਹੇ ਹਨ ਇਹ ਸਭ ਕੁਝ ਪੰਜਾਬ ਸਰਕਾਰ ਦੀ ਗੁਲਾਮ ਹੋਈ ਪੰਜਾਬ ਪੁਲਿਸ ਕਰ ਰਹੀ ਹੈ ਸ਼ਾਇਦ ਇਹਨਾਂ ਨੂੰ ਉਹ ਸਮਾਂ ਭੁੱਲ ਗਿਆ ਜਦੋਂ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸੀਬੀਆਈ ਦੀਆ ਜਾਂਚਾ ਕਰਵਾ ਕੇ ਬੁੱਚੜ ਪੁਲਿਸ ਅਫਸਰਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾਉਣ ਵਾਲਿਆਂ ਨੂੰ ਲਾਵਾਰਸ ਲਾਸ਼ਾਂ ਕਹਿ ਕੇ ਸਾੜਨ ਵਾਲਿਆਂ ਬੁੱਚੜ ਪੁਲਿਸ ਅਫਸਰਾਂ ਨੂੰ ਅੱਜ ਜੇਲਾਂ ਦੇ ਵਿੱਚ ਸਜ਼ਾ ਕੱਟਣੀਆਂ ਪੈ ਰਹੀਆਂ ਹਨ ਔਰ ਇਹਨਾਂ ਨੂੰ ਵੀ ਇਹ ਸਮਾਂ ਅਗਲੀ ਆਉਣ ਵਾਲੀ ਸਰਕਾਰ ਵਿੱਚ ਵੇਖਣਾ ਪਵੇਗਾ ਹੁਣ ਵੀ ਮਾਨਯੋਗ ਪੰਜਾਬ ਹਾਈ ਕੋਰਟ ਨੂੰ ਫੌਰੀ ਤੌਰ ਦੇ ਉੱਤੇ ਮੋਹਨਜੀਤ ਸਿੰਘ ਸੇਰੋ ਅਤੇ ਇਸ ਤਰ੍ਹਾਂ ਦੇ ਹੋਰ ਕੇਸਾਂ ਨੂੰ ਮੁੱਖ ਰੱਖ ਕੇ ਸੀਬੀਆਈ ਜਾਂਚ ਕਰਵਾਉਣੀ ਚਾਹੀਦੀ ਹੈ ਪੰਜਾਬੀਓ ਆਓ 2027 ਦੀ ਲੋਕਤੰਤਰ ਦੇ ਹੋਣ ਜਾ ਰਹੀ ਇਲੈਕਸ਼ਨ ਵਿੱਚ ਆਪਣੇ ਵੋਟ ਦਾ ਅਧਿਕਾਰ ਵਰਤਦੇ ਹੋਏ ਇਸ ਭਗਵੰਤ ਬੁਚੜ ਨੂੰ ਸਬਕ ਸਿਖਾ ਦਿਓ ਤਾਂ ਕਿ ਆਉਣ ਵਾਲੀਆਂ ਸਰਕਾਰਾਂ ਨੂੰ ਕੰਨ ਹੋ ਜਾਣ ਮੋਹਨਜੀਤ ਸਿੰਘ ਸ਼ੇਰੋ ਇੱਕ ਅੰਮ੍ਰਿਤਧਾਰੀ ਗੁਰਸਿੱਖ ਹੈ ਉਸ ਦੇ ਉੱਤੇ ਇਨਾ ਅਨ ਮਨੁੱਖੀ ਤਸ਼ਦਦ ਕਰਨਾ ਇਹ ਦੱਸਦਾ ਹੈ ਕਿ ਸਨ 93 94 95 ਵਾਲੀ ਪੁਲਿਸ ਦੀ ਮਾਨਸਿਕ ਸਥਿਤੀ ਬਦਲੀ ਨਹੀਂ ਹੈ ਮੋਹਨਜੀਤ ਸਿੰਘ ਦੇ ਉੱਤੇ ਤਾਂ ਤਸ਼ੱਦਦ ਕਰਨ ਵਾਲੀ ਸਾਰੀ ਦੀ ਸਾਰੀ ਪੁਲਿਸ ਪਾਰਟੀ ਸਮੇਤ ਭਗਵੰਤ ਮਾਨ ਦੇ ਉੱਤੇ ਵੀ ਇਹ ਪਰਚਾ ਦਰਜ ਹੋਣਾ ਚਾਹੀਦਾ ਹੈ ਤਾਂ ਹੀ ਮੋਹਣ ਜੀਤ ਸਿੰਘ ਸ਼ੇਰੋ ਨੂੰ ਅਤੇ ਉਸ ਦੇ ਪਰਿਵਾਰ ਨੂੰ ਇਨਸਾਫ ਮਿਲ ਸਕੇਗਾ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਬੇਨਤੀ ਕਰਦੇ ਹਾਂ ਕਿ ਅੱਗੇ ਹੋ ਕੇ ਇਸ ਕੇਸ ਦੀ ਪੈਰਵਾਈ ਕੀਤੀ ਜਾਵੇ ਤਾਂ ਕੇ ਅੱਗੇ ਤੋਂ ਐਸੇ ਜਾਲਮ ਅਫਸਰ ਜੁਰਤ ਨਾ ਕਰਨ ਜ਼ੁਲਮ ਕਰਨ ਦੀ ਨੌਜਵਾਨੀ ਨੂੰ ਬਚਾਇਆ ਜਾ ਸਕੇ ਬਹੁਤ ਜਰੂਰੀ ਹੈ ਮੈ ਇੱਥੇ ਯਾਦ ਕਰਾਉਣਾ ਚਾਹੁੰਦਾ ਹਾਂ ਕਿਸ ਨੂੰ ਕਾਤਲ ਕਹੀਏ ਯਾਰੋ ਹੱਥੀ ਸਭ ਦੇ ਛੁਰੇ ਨੇ ਨੰਗੇ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਏ ਫਿਰ ਖੇਤ ਦਾ ਰਾਖਾ ਹੈ ਕੌਣ ਯਾਰੋ ਇਹ ਬਹੁਤ ਹੀ ਦੁੱਖਦਾਈ ਘਟਨਾ ਵਾਪਰੀ ਹੈ ਭਗਵੰਤ ਨੂੰ ਮੁੱਖ ਮੰਤਰੀ ਕਹਿਣ ਲੱਗਿਆ ਵੀ ਸ਼ਰਮ ਆਉਂਦੀ ਹੈ ਜਿਵੇਂ ਬੇਅੰਤ ਬੁਚੜ ਨੂੰ ਮੁੱਖ ਮੰਤਰੀ ਕਹਿਣ ਲੱਗਿਆਂ ਆਉਂਦੀ ਸੀ ਪੰਜਾਬੀਓ ਤੁਸੀਂ ਬਹਾਦਰ ਹੋ ਜਮੀਨ ਤੋਂ ਅਸਮਾਨ ਤੇ ਅਤੇ ਅਸਮਾਨ ਤੋਂ ਜਮੀਨ ਤੇ ਲੈ ਆਉਣਾ ਚੰਗੀ ਤਰਾਂ ਜਾਣਦੇ ਹੋ ਮੇਰਾ ਦਿਲ ਤਾਂ ਕਰਦਾ ਹੈ ਕਿਸੇ ਪਾਰਟੀ ਦਾ ਨਾਂ ਲੈ ਕੇ ਮੈਂ ਇਲੈਕਸ਼ਨ ਵਿੱਚ ਵੋਟਾਂ ਪਾਉਣ ਲਈ ਕਹਾਂ ਪਰ ਮੈਂ ਨਾ ਹੀ ਕਹਾਂ ਪਰ ਵਿਚਾਰਿਓ ਜ਼ਰੂਰ ਉਸ ਪਾਰਟੀ ਨੂੰ ਪੰਜਾਬ ਵਿੱਚ ਰਾਜ ਦਿਓ ਜੋ ਸਾਰੇ ਦੇਸ਼ ਤੇ ਰਾਜ ਕਰ ਸਕਦੀ ਹੋਏ ਔਰ ਪੰਜਾਬ ਨੂੰ ਬਿਹਤਰ ਤਰੀਕੇ ਦੇ ਨਾਲ ਚਲਾ ਸਕਦੀ ਹੈ ਹੋਏ ਨਹੀਂ ਤਾਂ ਪੰਜਾਬੀਓ ਪੰਜਾਬ ਨੂੰ ਇਹ ਆਰ ਐਸ ਐਸ ਦੇ ਅਧੀਨ ਚੱਲਣ ਵਾਲੇ ਲੋਕ ਬੀਜੇਪੀ ਦੇ ਗੁਲਾਮ ਲੋਕ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਕਰਨਗੇ ਪੰਜਾਬ ਦੀ ਨੌਜਵਾਨੀ ਦਾ ਬਹੁਤ ਵੱਡਾ ਨੁਕਸਾਨ ਕਰਨਗੇ 2027 ਵਿੱਚ ਇਹ ਗੱਲ ਮੈਂ ਕਹਿ ਦੇਣੀ ਚਾਹੁੰਦਾ ਹਾਂ ਆਰਐਸਐਸ ਤੋਂ ਉਪਜੀਆਂ ਹੋਈਆਂ ਇਹ ਪਾਰਟੀਆਂ ਚਾਹੇ ਇਸ ਨੇ ਆਪਣਾ ਨਾਮ ਆਮ ਆਦਮੀ ਪਾਰਟੀ ਰੱਖਿਆ ਹੈ ਪਰ ਹੈ ਇਹ ਆਰਐਸਐਸ ਦੀ ਉਪਜ ਹੈ ਇਸ ਨੂੰ ਧੂਲ ਚਟਾਉਣਾ ਜਰੂਰੀ ਹੈ ਇਹ ਨਾ ਭੁੱਲਿਓ ਮੈਂ ਅਖੀਰ ਵਿੱਚ ਫੇਰ ਪੰਜਾਬ ਦੀ ਬੁੱਚੜ ਸਰਕਾਰ ਨੂੰ ਪੰਜਾਬ ਪੁਲਿਸ ਦੇ ਬੁੱਚੜ ਪੁਲਿਸ ਅਫਸਰਾਂ ਨੂੰ ਇਹ ਦੱਸ ਦੇਣਾ ਚਾਹੁੰਦਾ ਹਾਂ ਪੰਜਾਬ ਦੀਆਂ ਵੱਖ ਵੱਖ ਜੇਲਾਂ ਵਿੱਚ ਬੰਦ ਉਹ ਬੁੱਚੜ ਪੁਲਿਸ ਅਫਸਰਾਂ ਵੱਲ ਵੇਖ ਲਓ ਤੁਹਾਡੇ ਹੀ ਬੱਚਿਆਂ ਨੇ ਤੁਹਾਨੂੰ ਮੂੰਹ ਨਹੀਂ ਜੇ ਲਾਉਣਾ ਅੱਜ ਯੁਗ ਬਦਲ ਚੁੱਕਿਆ ਹੈ ਯਾਦ ਰੱਖਿਓ ਤੁਹਾਡੇ ਬੱਚੇ ਤੁਹਾਨੂੰ ਜਰੂਰ ਜੁੱਤੀਆਂ ਮਾਰਨਗੇ ਔਰ ਅਸੀਂ ਅਰਦਾਸ ਕਰਾਂਗੇ ਉਸ ਮਹਾਨ ਸ਼ਕਤੀ ਵਾਹਿਗੁਰੂ ਸਾਹਿਬ ਅੱਗੇ ਕਿ ਤੁਹਾਡਾ ਕੱਖ ਨਾ ਰਹੇ ਪੁਲਿਸ ਅਫਸਰੋਂ ਤੁਹਾਨੂੰ ਕੋੜ ਪੈ ਜਾਵੇ ਤੁਸੀਂ ਆਪਣੀ ਮਾਨਸਿਕ ਸਥਿਤੀ ਨੂੰ ਗਵਾ ਬੈਠੋ ਪਰਮਾਤਮਾ ਤੁਹਾਨੂੰ ਮਾਨਸਿਕ ਤੌਰ ਤੇ ਪਾਗਲ ਬਣਾ ਦੇਵੇ ਔਰ ਤੁਸੀਂ ਸੜਕਾਂ ਦੇ ਉੱਤੇ ਕਾਗਜ਼ ਚੁਗਦੇ ਫਿਰੋ ਕੱਖ ਚੁਗਦੇ ਫਿਰੋ ਆਪਣੇ ਆਪ ਨੂੰ ਵੀ ਸੰਭਾਲ ਨਾ ਸਕੋ ਇਹ ਸਾਡੀ ਬੱਦ ਦੁਆ ਹੈ ਔਰ ਉਸ ਪਰਮਾਤਮਾ ਵਾਹਿਗੁਰੂ ਅੱਗੇ ਅਰਦਾਸ ਹੈ ਇਹ ਜਰੂਰ ਪੂਰੀ ਹੋਵੇਗੀ ਇਹ ਜਰੂਰ ਪੂਰੀ ਹੋਵੇਗੀ ਪਾਪ ਕਮਾਵਦਿਆ ਤੇਰਾ ਕੋਈ ਨਾ ਬੇਲੀ ਰਾਮ

**-ਇਕਬਾਲ ਸਿੰਘ ਤੁੰਗ ਸਾਬਕਾ ਨਿਜੀ ਸਕੱਤਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ**


ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ





Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ





ਮਹਾਨ ਦਿਹਾੜਾ ਭਾਈ ਲਾਧੋ ਰੇ ਦਿਵਸ਼, ਸ਼ਹੀਦੀ ਦਿਹਾੜਾ ਕੌਮੀ ਸ਼ਹੀਦ ਭਾਈ ਜਸਵੰਤ ਖਾਲੜਾ , ਸ਼ਹੀਦੀ ਦਿਹਾੜਾ ਕੌਮੀ ਹੀਰੋ ਭਾਈ ਦਿਲਾਵਰ ਸਿੰਘ ਬੱਬਰ , ਸੰਪੂਰਨਤਾ ਦਿਵਸ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।

ਸੰਪੂਰਨਤਾ ਦਿਵਸ ਨੂੰ ਸਮਰਪਿਤ ਸਿੱਖ ਸੰਗਤਾਂ ਵੱਲੋਂ ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਗਈ ਹੈ 4 ਸਤੰਬਰ ਸ਼ੁੱਕਰਵਾਰ ਸਵੇਰੇ ਸਾਢੇ 10 ਵਜੇ ਅਰੰਭਤਾ ਹੋਵੇਗੀ

ਸ਼ਨਿੱਚਰਵਾਰ 5 ਸਤੰਬਰ ਸ਼ਾਮ 5 ਤੋਂ 8:30 ਵਜੇ ਤੱਕ ਦੀਵਾਨ ਸੱਜਣਗੇ।ਐਤਵਾਰ 6 ਸਤੰਬਰ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣ ਉਪਰੰਤ 12:45 ਵਜੇ ਤੱਕ ਦੀਵਾਨ ਸੱਜਣਗੇ।



ਢਾਡੀ ਜਥਾ ਗਿਆਨੀ ਹਰਦੀਪ ਸਿੰਘ ਖਾਲਸਾ ਮਾਨੋਚਾਹਲ

ਢਾਡੀ ਜਥਾ ਗਿਆਨੀ ਹਰਦੀਪ ਸਿੰਘ ਖਾਲਸਾ ਮਾਨੋਚਾਹਲ ਢਾਡੀ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778



ਲੜੀਵਾਰ
ਗੁਰਬਾਣੀ ਸ਼ਬਦ ਵਿਚਾਰ
ਆਵਾਜ਼ਿ ਕੌਮ AWAZE QAUM International Newspaper & WEB TV
ਗੁਰਦੁਆਰਾ ਬੰਗਲਾ ਸਾਹਿਬ
5 ਸਤੰਬਰ 2026
ਦਿਨ ਸ਼ਨੀਵਾਰ ਨੂੰ
ਸਵੇਰੇ 7:30 ਤੋਂ 8:30 ਵਜੇ ਤੱਕ
LIVE ON
CHARDIKLA TIME TV
ਗੁਰਦੁਆਰਾ ਸੀਸਗੰਜ ਸਾਹਿਬ
6 ਸਤੰਬਰ 2026
ਦਿਨ ਐਤਵਾਰ ਨੂੰ
ਸਵੇਰੇ 7:30 ਤੋਂ 8:30 ਵਜੇ ਤੱਕ
LIVE ON
PTC ਸਿਮਰਨ
GURUDWARA SISGANJ SAHIB, DELHI
ਵਿਚਾਰਾਂ ਦੀ ਸਾਂਝ ਪਾਉਣਗੇ
ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸੰਪਰਕ ਨੰਬਰ : 9814015740 , 9356060960




### ਫਾਂਸੀ ਦੇ ਸਜ਼ਾ ਦਾ ਸਾਹਮਣਾ ਕਰ ਰਹੇ ਅੰਮ੍ਰਿਤਧਾਰੀ ਬਲਜਿੰਦਰ ਸਿੰਘ ਦੇ ਪਰਿਵਾਰ ਨਾਲ

# ਮਨਜੀਤ ਸਿੰਘ ਭੋਮਾ ਅਤੇ ਸਾਥੀਆਂ ਨੇ ਕੀਤੀ ਮੁਲਾਕਾਤ





**ਨਵੀਂ ਦਿੱਲੀ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਸਾਊਦੀ ਅਰਬ ਵਿੱਚ ਝੂਠੇ ਡਰੱਗ ਤਸੱਕਰੀ ਕੇਸ ਵਿੱਚ ਫ਼ਸੇ ਜਿਹਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਉਸ ਅੰਮ੍ਰਿਤਧਾਰੀ ਸ ਬਲਜਿੰਦਰ ਸਿੰਘ ਦੇ ਪ੍ਰਵਾਰ ਨਾਲ਼ ਉਹਨਾਂ ਦੇ ਜੱਦੀ ਪਿੰਡ ਸੁਜਾਨਪੁਰ ਦਿਹਾਤੀ ਜ਼ਿਲ੍ਹਾ ਪਠਾਨਕੋਟ ਵਿਖੇ ਪਹੁੰਚ ਕੇ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਹ ਮੁਲਾਕਾਤ ਕਰਵਾਉਣ ਵਿੱਚ ਐਡਵੋਕੇਟ ਅਮਰਜੀਤ ਸਿੰਘ ਪਠਾਨਕੋਟ ਨੇ ਅਹਿਮ ਭੂਮਿਕਾ ਨਿਭਾਈ ਹੈ। ਮੁਲਾਕਾਤ ਸਮੇਂ ਬਲਜਿੰਦਰ ਸਿੰਘ ਦੇ ਬਾਪ ਨੇ ਆਪਣੇ ਪੁੱਤ ਨੂੰ ਫਾਂਸੀ ਤੋਂ ਬਚਾਉਣ ਲਈ ਗੁਹਾਰ ਲਗਾਈ ਕਿ ਸਾਡੇ ਪੁੱਤ ਨੂੰ ਬਚਾਉਣ ਲਈ ਭਾਰਤ ਸਰਕਾਰ ਦੇ ਸਰਕਾਰੇ ਦਰਬਾਰੇ ਪਹੁੰਚ ਕਰਕੇ ਸਾਨੂੰ ਰਾਹਤ ਦਿਵਾਈ ਜਾਵੇ। ਉਹਨਾਂ ਕਿਹਾ ਅੱਜ ਤੱਕ ਅਸੀਂ ਵੱਡੇ ਵੱਡੇ ਨੇਤਾਵਾਂ ਅੱਗੇ ਆਪਣੇ ਪੁੱਤਰ ਨੂੰ ਬਚਾਉਣ ਲਈ ਬੇਨਤੀ ਕੀਤੀ ਪਰ ਸਾਡੀ ਕਿਸੇ ਨੇ ਬਾਂਹ ਨਹੀਂ ਫੜ੍ਹੀ। ਨਾ ਹੀ ਸਾਡੇ ਪ੍ਰਵਾਰ ਨਾਲ਼ ਕਿਸੇ ਨੇ ਮੁਲਾਕਾਤ ਕਰਕੇ ਦੁੱਖ ਪ੍ਰਗਟ ਕੀਤਾ ਹੈ।

ਭਾਈ ਭੋਮਾ ਨੇ ਪ੍ਰਵਾਰ ਨੂੰ ਵਿਸ਼ਵਾਸ ਦਿਵਾਇਆ ਕਿ ਜਲਦੀ ਪ੍ਰਵਾਰ ਦੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ ਹਰਮੀਤ ਸਿੰਘ ਕਾਲਕਾ ਨਾਲ਼ ਮੁਲਾਕਾਤ ਕਰਵਾਉਣਗੇ। ਅੱਗੇ ਕਾਲਕਾ ਸਾਹਿਬ ਭਾਰਤ ਸਰਕਾਰ ਦੇ ਮੰਤਰੀਆਂ ਨਾਲ਼ ਰਾਬਤਾ ਕਾਇਮ ਕਰਕੇ ਪ੍ਰਵਾਰ ਨੂੰ ਰਾਹਤ ਦਿਵਾਉਣ ਲਈ ਹਰ ਸੰਭਵ ਉਪਰਾਲਾ ਕਰਨਗੇ। ਇਸ ਮੌਕੇ ਪ੍ਰਵਾਰ ਦੀ ਟੈਲੀਫੋਨ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨਾਲ਼ ਗੱਲਬਾਤ ਕਰਵਾਈ ਗਈ ਤਾਂ ਜੋ ਸਮਾਜ ਸੇਵੀ ਡੁਬਈ ਵਾਲੇ ਐਸ ਪੀ ਸਿੰਘ ਉਬਰਾਏ ਦੀਆਂ ਸੇਵਾਵਾਂ ਵੀ ਲਈਆਂ ਜਾਣ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਰਤ ਸਰਕਾਰ ਤੱਕ ਪਹੁੰਚਣ ਮਦਦ ਦਾ ਦਿਵਾਇਆ ਭਰੋਸਾ।

ਦੁਨੀਆਂ ਭਰ ਵਿੱਚੋਂ ਕੋਈ ਵੀ ਬਲਜਿੰਦਰ ਸਿੰਘ ਨੂੰ ਬਚਾਉਣ ਲਈ ਆਪਣੀਆਂ ਸੇਵਾਵਾਂ ਦੇਣ ਲਈ ਉਸਦੇ ਬਾਪ ਜਸਵਿੰਦਰ ਸਿੰਘ ਦੇ ਫ਼ੋਨ ਨੰਬਰ 7508646568 ਸੰਪਰਕ ਕਰ ਸਕਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਸਿੱਖਾਂ ਨੂੰ ਜਬਰ ਨਾਲ ਕੈਦ ਨਹੀਂ ਰੱਖਿਆ ਜਾ ਸਕਦਾ, ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਨੂੰ ਕਰਾਂਗੇ ਹੋਰ ਤੇਜ਼: ਸਿਮਰਨਜੀਤ ਸਿੰਘ ਮਾਨ



ਨਵੀਂ ਦਿੱਲੀ, 5 ਸਤੰਬਰ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸ਼ੇਰਾਂ ਨੂੰ ਪਿੰਜਰੇ ਵਿਚ ਜਬਰੀ ਡੱਕਣਾ ਜਿਵੇਂ ਅਣਮਨੁੱਖੀ ਅਤੇ ਨਿੰਦਣਯੋਗ ਹੈ, ਉਸੇ ਤਰ੍ਹਾਂ ਕਿਸੇ ਕੌਮ ਨੂੰ ਜਬਰ, ਡਰ ਅਤੇ ਬੇਇਨਸਾਫੀ ਰਾਹੀਂ ਦਬਾ ਕੇ ਰੱਖਣਾ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਸਿੱਖ ਨੂੰ ਅਣਖ, ਨਿਡਰਤਾ ਅਤੇ ਬਹਾਦਰੀ ਦੀ ਜੀਵਨ-ਜਾਚ ਮਿਲੀ ਹੈ। 1947 ਤੋਂ ਬਾਅਦ ਸਿੱਖਾਂ ਨਾਲ ਹੋਏ ਵਿਤਕਰੇ, ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਫੌਜੀ ਹਮਲੇ, 1984 ਦੇ ਕਤਲੇਆਮ ਅਤੇ ਪੰਜਾਬ ਵਿਚ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਤੇ ਕਥਿਤ ਝੂਠੇ ਪੁਲਿਸ ਮੁਕਾਬਲਿਆਂ ਨੇ ਕੌਮ ਦੇ ਮਨ ਵਿਚ ਡੂੰਘੇ ਜ਼ਖ਼ਮ ਛੱਡੇ ਹਨ। ਉਨ੍ਹਾਂ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਲੰਮੇ ਸਮੇਂ ਤੱਕ ਜੇਲ੍ਹਾਂ ਵਿਚ ਰੱਖਣਾ ਗੰਭੀਰ ਮਨੁੱਖੀ ਅਧਿਕਾਰਾਂ ਦਾ ਮਸਲਾ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਬੰਦੀਆਂ ਨੂੰ ਆਪਣੇ ਬਜ਼ੁਰਗ ਮਾਪਿਆਂ ਨਾਲ ਮਿਲਣ ਲਈ ਪੈਰੋਲ ਤੋਂ ਵਾਂਝਾ ਰੱਖਣਾ ਵੀ ਚਿੰਤਾਜਨਕ ਹੈ। ਮਾਨ ਨੇ ਕਿਹਾ ਕਿ ਇਕ ਪਾਸੇ ਭਾਰਤ ਸਰਕਾਰ ਵਿਦੇਸ਼ਾਂ ਵਿਚ ਆਪਣੇ ਆਪ ਨੂੰ ਦੁਨੀਆ ਦੀ ਵੱਡੀ ਜਮਹੂਰੀਅਤ ਵਜੋਂ ਪੇਸ਼ ਕਰਦੀ ਹੈ, ਜਦਕਿ ਦੂਜੇ ਪਾਸੇ ਸਿੱਖਾਂ ਦੇ ਹੱਕਾਂ ਨਾਲ ਹੋ ਰਹੇ ਕਥਿਤ ਵਿਤਕਰੇ ਅਤੇ ਬੰਦੀ ਸਿੰਘਾਂ ਦੇ ਮਾਮਲੇ ਇਸ ਦਾਅਵੇ ਉਤੇ ਸਵਾਲ ਖੜ੍ਹੇ ਕਰਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਆਪਣੇ ਨਾਲ ਹੋ ਰਹੀ ਬੇਇਨਸਾਫੀ ਨੂੰ ਅਣਮਿੱਥੇ ਸਮੇਂ ਤੱਕ ਸਹਿਣ ਲਈ ਤਿਆਰ ਨਹੀਂ ਅਤੇ ਇਨ੍ਹਾਂ ਮਾਮਲਿਆਂ ਨੂੰ ਕੌਮੀ ਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਰਿਹਾ ਹੈ। ਮਾਨ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ, ਸਿੱਖਾਂ ਦੇ ਵਿਧਾਨਕ ਤੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਕੌਮ ਦੀ ਰਾਜਸੀ ਆਜ਼ਾਦੀ ਦੀ ਆਵਾਜ਼ ਨੂੰ ਜਬਰ ਨਾਲ ਦਬਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਸ਼ੇਰਾਂ ਨੂੰ ਪਿੰਜਰੇ ਵਿਚ ਡੱਕ ਕੇ ਸਦੀਵੀ ਤੌਰ 'ਤੇ ਕੈਦ ਨਹੀਂ ਰੱਖਿਆ ਜਾ ਸਕਦਾ ਅਤੇ ਸਿੱਖ ਕੌਮ ਵੀ ਆਪਣੇ ਹੱਕਾਂ ਲਈ ਆਪਣੀ ਆਵਾਜ਼ ਬੁਲੰਦ ਕਰਦੀ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

### ਵੈਨਕੂਵਰ ਪੁਲਿਸ ਦੇ ਅਫਸਰ ’ਤੇ 9 ਚਾਰਜ, 19 ਪੀੜਤਾਂ ਦਾ ਦਾਅਵਾ

# 30 ਲੱਖ ਡਾਲਰ ਤੋਂ ਵੱਧ ਦੀ ਕਥਿਤ ਧੋਖਾਧੜੀ; ਅਫਸਰ ਮੁਅੱਤਲ, ਬਿਨਾ ਤਨਖਾਹ ਸਸਪੈਂਸ਼ਨ ਦੀ ਸਿਫਾਰਸ਼




ਸਰੀ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)-ਵੈਨਕੂਵਰ ਪੁਲਿਸ ਦੇ 26 ਸਾਲ ਪੁਰਾਣੇ ਕਾਂਸਟੇਬਲ ਕਲਵਿੰਦਰ ਸਿੰਘ ਦੁਸਾਂਝ ਖ਼ਿਲਾਫ਼ ਜਾਇਦਾਦੀ ਕਾਰੋਬਾਰ ਨਾਲ ਜੁੜੀ ਕਥਿਤ ਧੋਖਾਧੜੀ ਦੇ ਮਾਮਲੇ ਵਿੱਚ 9 ਚਾਰਜ ਲੱਗਣ ਨਾਲ ਪੰਜਾਬੀ ਭਾਈਚਾਰੇ ਵਿੱਚ ਹਲਚਲ ਮਚ ਗਈ ਹੈ। ਪੁਲਿਸ ਮੁਤਾਬਕ ਇਸ ਮਾਮਲੇ ਵਿੱਚ ਘੱਟੋ-ਘੱਟ 19 ਲੋਕ ਪੀੜਤ ਹਨ ਅਤੇ ਉਨ੍ਹਾਂ ਨੂੰ 30 ਲੱਖ ਡਾਲਰ ਤੋਂ ਵੱਧ ਦਾ ਕਥਿਤ ਵਿੱਤੀ ਨੁਕਸਾਨ ਹੋਇਆ ਹੈ। ਪੁਲਿਸ ਵੱਲੋਂ ਕੀਤੀ ਗਈ ਜਾਂਚ ਵਿੱਚ ਦੁਸਾਂਝ ਦੇ ਨਾਲ 51 ਸਾਲਾ ਸਰਬਜੀਤ ਸਿੰਘ ਗਿੱਲ ਦਾ ਨਾਮ ਵੀ ਸਾਹਮਣੇ ਆਇਆ ਹੈ। ਦੋਵਾਂ ’ਤੇ ਜਾਇਦਾਦੀ ਭਾਈਵਾਲੀਆਂ ਨਾਲ ਸਬੰਧਤ ਕਥਿਤ ਧੋਖਾਧੜੀ ਦੇ ਦੋਸ਼ ਹਨ। ਮਾਮਲੇ ਵਿੱਚ ਉਨ੍ਹਾਂ ਵੱਲੋਂ ਮਿਲ ਕੇ ਚਲਾਈ ਜਾ ਰਹੀ ਇੱਕ ਸੰਸਥਾ ਨਾਲ ਜੁੜਿਆ ਦੋਸ਼ ਅਤੇ ਅਹੁਦੇ ਦੀ ਵਰਤੋਂ ਕਰਦਿਆਂ ਭਰੋਸੇ ਦੀ ਉਲੰਘਣਾ ਨਾਲ ਸਬੰਧਤ ਦੋਸ਼ ਵੀ ਸ਼ਾਮਲ ਹਨ। ਪੁਲਿਸ ਮੁਤਾਬਕ ਕਥਿਤ ਅਪਰਾਧਾਂ ਦਾ ਸਮਾਂ 2017 ਤੋਂ ਜੁਲਾਈ 2025 ਤੱਕ ਦਾ ਹੈ। ਦੱਸਿਆ ਗਿਆ ਹੈ ਕਿ ਮਾਮਲਾ ਕਈ ਸਾਲਾਂ ਤੋਂ ਚੱਲ ਰਿਹਾ ਸੀ ਅਤੇ 2023 ਵਿੱਚ ਵੈਨਕੂਵਰ ਪੁਲਿਸ ਦੀ ਵਿਸ਼ੇਸ਼ ਟੀਮ ਨੇ ਇਸ ਦੀ ਗੰਭੀਰ ਜਾਂਚ ਸ਼ੁਰੂ ਕੀਤੀ।

**25 ਮਿਲੀਅਨ ਡਾਲਰ ਦੀ ਜਾਇਦਾਦੀ ਡੀਲਾਂ ’ਤੇ ਨਜ਼ਰ**-ਜਾਂਚ ਨਾਲ ਜੁੜੀ ਜਾਣਕਾਰੀ ਅਨੁਸਾਰ ਮਾਮਲਾ ਲਗਭਗ 25 ਮਿਲੀਅਨ ਡਾਲਰ ਮੁੱਲ ਦੀਆਂ ਜਾਇਦਾਦਾਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਵਿੱਚ ਸਰੀ ਦੇ ਦੋ ਅਤੇ ਮਿਸ਼ਨ, ਬੀ.ਸੀ. ਦਾ ਇੱਕ ਪ੍ਰਾਜੈਕਟ ਸ਼ਾਮਲ ਹੋਣ ਦੀ ਜਾਣਕਾਰੀ ਹੈ।

ਪੁਲਿਸ ਮੁਖੀ ਸਟੀਵ ਰਾਏ ਨੇ ਕਿਹਾ ਕਿ 19 ਲੋਕਾਂ ਨੇ ਸਾਹਮਣੇ ਆ ਕੇ ਜਾਂਚ ਵਿੱਚ ਸਹਿਯੋਗ ਦਿੱਤਾ। ਉਨ੍ਹਾਂ ਕਿਹਾ ਕਿ ਪੀੜਤਾਂ ਨੂੰ ਕਥਿਤ ਦਬਾਅ ਦੇ ਬਾਵਜੂਦ ਆਪਣੀ ਆਵਾਜ਼ ਉਠਾਉਣ ਲਈ ਹਿੰਮਤ ਦਿਖਾਉਣੀ ਪਈ। ਪੁਲਿਸ ਦਾ ਮੰਨਣਾ ਹੈ ਕਿ ਪੀੜਤਾਂ ਦੀ ਗਿਣਤੀ ਹੋਰ ਵੀ ਵੱਧ ਸਕਦੀ ਹੈ। ਇਸੇ ਕਰਕੇ ਪੁਲਿਸ ਨੇ ਸੰਭਾਵੀ ਹੋਰ ਪੀੜਤਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ। ਇਸ ਲਈ ਵਿਸ਼ੇਸ਼ ਫੋਨ ਲਾਈਨ 604-717-2601 ਵੀ ਜਾਰੀ ਕੀਤੀ ਗਈ ਹੈ।

**ਪੁਲਿਸ ਅਫਸਰ ਸੀ, ਹੁਣ ਵਿਭਾਗੀ ਕਾਰਵਾਈ ਦੇ ਘੇਰੇ ’ਚ**-ਦੁਸਾਂਝ ਨੂੰ ਵੈਨਕੂਵਰ ਪੁਲਿਸ ਨੇ ਮੁਅੱਤਲ ਕਰ ਦਿੱਤਾ ਹੈ। ਪੁਲਿਸ ਮੁਖੀ ਨੇ ਉਸ ਨੂੰ ਬਿਨਾ ਤਨਖਾਹ ਮੁਅੱਤਲ ਕਰਨ ਦੀ ਸਿਫਾਰਸ਼ ਪੁਲਿਸ ਬੋਰਡ ਕੋਲ ਭੇਜਣ ਦੀ ਗੱਲ ਆਖੀ ਹੈ। ਦੁਸਾਂਝ ਟਰੈਫਿਕ ਵਿਭਾਗ ਵਿੱਚ ਮੋਟਰਸਾਈਕਲ ਅਫਸਰ ਵਜੋਂ ਡਿਊਟੀ ਕਰਦਾ ਰਿਹਾ ਹੈ। ਪੁਲਿਸ ਵੱਲੋਂ ਉਸ ਦਾ ਸਰਕਾਰੀ ਹਥਿਆਰ ਵੀ ਵਾਪਸ ਲੈ ਲਿਆ ਗਿਆ ਹੈ। ਗ੍ਰਿਫਤਾਰੀ ਤੋਂ ਬਾਅਦ ਦੁਸਾਂਝ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਸੁਣਵਾਈ ਤੋਂ ਬਾਅਦ ਉਸ ਨੂੰ ਰਿਹਾਅ ਕਰ ਦਿੱਤਾ ਗਿਆ।

**“ਮੇਰਾ ਮੁਵੱਕਿਲ ਨਿਰਦੋਸ਼”—ਵਕੀਲ**

ਮਾਮਲੇ ਵਿੱਚ ਦੁਸਾਂਝ ਦਾ ਪੱਖ ਵੀ ਸਪੱਸ਼ਟ ਹੈ। ਉਸ ਦੇ ਵਕੀਲ ਨੇ ਕਿਹਾ ਹੈ ਕਿ ਉਸ ਦਾ ਮੁਵੱਕਿਲ ਨਿਰਦੋਸ਼ ਹੈ ਅਤੇ ਉਸ ’ਤੇ ਲੱਗੇ ਦੋਸ਼ ਅਜੇ ਅਦਾਲਤ ਵਿੱਚ ਸਾਬਤ ਨਹੀਂ ਹੋਏ। ਵਕੀਲ ਨੇ ਕਿਹਾ ਕਿ ਕਾਨੂੰਨ ਮੁਤਾਬਕ ਅਦਾਲਤ ਵੱਲੋਂ ਦੋਸ਼ ਸਾਬਤ ਹੋਣ ਤੱਕ ਦੁਸਾਂਝ ਨੂੰ ਨਿਰਦੋਸ਼ ਮੰਨਿਆ ਜਾਣਾ ਚਾਹੀਦਾ ਹੈ।

ਦੁਸਾਂਝ ਦੀ ਪਤਨੀ ਸੈਂਡੀ ਦੁਸਾਂਝ ਨੇ ਵੀ ਆਪਣੇ ਪਤੀ ਨੂੰ ਨਿਰਦੋਸ਼ ਦੱਸਿਆ ਹੈ। ਉਨ੍ਹਾਂ ਨੇ ਪੁਲਿਸ ਵੱਲੋਂ ਵੈਸਟ ਨਿਊਟਨ ਸਥਿਤ ਉਨ੍ਹਾਂ ਦੇ ਘਰ ਦੀ ਤਲਾਸ਼ੀ ’ਤੇ ਸਵਾਲ ਚੁੱਕਦਿਆਂ ਕਿਹਾ ਕਿ ਪੁਲਿਸ ਨੂੰ ਪਹਿਲਾਂ ਉਨ੍ਹਾਂ ਨਾਲ ਸੰਪਰਕ ਕਰਨਾ ਚਾਹੀਦਾ ਸੀ। ਸੈਂਡੀ ਦੁਸਾਂਝ ਨੇ ਦਾਅਵਾ ਕੀਤਾ ਕਿ ਪੁਲਿਸ ਦੀ ਕਾਰਵਾਈ ਉਨ੍ਹਾਂ ਵੱਲੋਂ ਸਰੀ ਸਿਟੀ ਕੌਂਸਲ ਦੀ ਚੋਣ ਲੜਨ ਦੇ ਐਲਾਨ ਤੋਂ ਬਾਅਦ ਸਾਹਮਣੇ ਆਈ ਅਤੇ ਇਹ ਉਨ੍ਹਾਂ ਦੀ ਚੋਣ ਮੁਹਿੰਮ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਹੋ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕੁਝ ਲੋਕ ਨਹੀਂ ਚਾਹੁੰਦੇ ਕਿ ਉਹ “ਪਰਦੇ ਪਿੱਛੇ ਕੀ ਹੁੰਦਾ ਹੈ” ਬਾਰੇ ਗੱਲ ਕਰਨ। ਇਨ੍ਹਾਂ ਦਾਅਵਿਆਂ ਦੇ ਹੱਕ ਵਿੱਚ, ਹਾਲਾਂਕਿ, ਕੋਈ ਸਬੂਤ ਜਨਤਕ ਤੌਰ ’ਤੇ ਸਾਹਮਣੇ ਨਹੀਂ ਆਇਆ। ਪੁਲਿਸ ਦਾ ਕਹਿਣਾ ਹੈ ਕਿ ਜਾਂਚ 2023 ਤੋਂ ਜਾਰੀ ਹੈ।

**ਚੋਣ ਮੈਦਾਨ ਤੋਂ ਵੀ ਹਟੀ ਸੈਂਡੀ ਦੁਸਾਂਝ**-ਇਸ ਮਾਮਲੇ ਦਾ ਸਿਆਸੀ ਅਸਰ ਵੀ ਤੁਰੰਤ ਨਜ਼ਰ ਆਇਆ ਹੈ। ਸੈਂਡੀ ਦੁਸਾਂਝ ਨੇ ਕੁਝ ਹਫ਼ਤੇ ਪਹਿਲਾਂ ਸਰੀ ਸਿਟੀ ਕੌਂਸਲ ਦੀ ਚੋਣ ਲੜਨ ਦਾ ਐਲਾਨ ਕੀਤਾ ਸੀ। ਪਰ ਹੁਣ ਸਰੀ ਕੰਜ਼ਰਵੇਟਿਵ ਪਾਰਟੀ ਵੱਲੋਂ ਜਾਰੀ ਕੀਤੀ ਈਮੇਲ ਵਿੱਚ ਕਿਹਾ ਗਿਆ ਹੈ ਕਿ ਸੈਂਡੀ ਦੁਸਾਂਝ ਹੁਣ ਪਾਰਟੀ ਦੀ ਉਮੀਦਵਾਰ ਨਹੀਂ ਰਹੀ।

**ਬੱਚਿਆਂ ਦੀ ਸੰਸਥਾ ਨੂੰ ਲੈ ਕੇ ਨਵਾਂ ਸਵਾਲ**-ਮਾਮਲੇ ਦਾ ਇੱਕ ਹੋਰ ਸੰਵੇਦਨਸ਼ੀਲ ਪੱਖ ਉਸ ਸੰਸਥਾ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ, ਜਿਸ ਨੂੰ ਦੁਸਾਂਝ ਅਤੇ ਗਿੱਲ ਮਿਲ ਕੇ ਚਲਾਉਂਦੇ ਸਨ। ਇਹ ਸੰਸਥਾ ਬੱਚਿਆਂ ਨਾਲ ਸਬੰਧਤ ਦੱਸੀ ਜਾ ਰਹੀ ਹੈ। ਇਸ ਪੱਖ ਨੂੰ ਲੈ ਕੇ ਭਾਈਚਾਰੇ ਵਿੱਚ ਕਈ ਸਵਾਲ ਉੱਠ ਰਹੇ ਹਨ—ਸੰਸਥਾ ਦਾ ਭਵਿੱਖ ਕੀ ਹੋਵੇਗਾ, ਇਸ ਨਾਲ ਜੁੜੇ ਬੱਚਿਆਂ ’ਤੇ ਕੀ ਅਸਰ ਪਵੇਗਾ ਅਤੇ ਕੀ ਜਾਂਚ ਦੌਰਾਨ ਇਸ ਸਬੰਧੀ ਹੋਰ ਤੱਥ ਸਾਹਮਣੇ ਆਉਣਗੇ?

**“ਗਲਤ ਕਰਨ ਵਾਲਾ ਆਪਣਾ ਹੋਵੇ ਜਾਂ ਪਰਾਇਆ, ਕਾਰਵਾਈ ਹੋਵੇਗੀ”**ਵੈਨਕੂਵਰ ਪੁਲਿਸ ਮੁਖੀ ਨੇ ਸਪੱਸ਼ਟ ਕੀਤਾ ਕਿ ਕਿਸੇ ਇੱਕ ਅਧਿਕਾਰੀ ’ਤੇ ਲੱਗੇ ਦੋਸ਼ਾਂ ਨੂੰ ਪੂਰੀ ਪੁਲਿਸ ਫੋਰਸ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਪੁਲਿਸ ਦੇ ਹਜ਼ਾਰਾਂ ਅਧਿਕਾਰੀ ਲੋਕਾਂ ਦੀ ਸੇਵਾ ਲਈ ਕੰਮ ਕਰਦੇ ਹਨ ਅਤੇ ਜੇਕਰ ਵਿਭਾਗ ਦੇ ਅੰਦਰ ਕੋਈ ਵਿਅਕਤੀ ਗਲਤ ਕਰਦਾ ਹੈ ਤਾਂ ਉਸ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ। ਹੁਣ ਇਸ ਮਾਮਲੇ ਦੀ ਅਗਲੀ ਕੜੀ ਅਦਾਲਤੀ ਕਾਰਵਾਈ ਹੋਵੇਗੀ। ਪੁਲਿਸ ਵੱਲੋਂ ਹੋਰ ਪੀੜਤਾਂ ਦੀ ਭਾਲ ਜਾਰੀ ਹੈ ਅਤੇ ਜੇਕਰ ਨਵੇਂ ਲੋਕ ਸਾਹਮਣੇ ਆਉਂਦੇ ਹਨ ਤਾਂ ਦੁਸਾਂਝ ਅਤੇ ਗਿੱਲ ਖ਼ਿਲਾਫ਼ ਹੋਰ ਚਾਰਜ ਵੀ ਲੱਗ ਸਕਦੇ ਹਨ। ਮਹੱਤਵਪੂਰਨ: ਦੁਸਾਂਝ ਅਤੇ ਗਿੱਲ ਖ਼ਿਲਾਫ਼ ਲੱਗੇ ਦੋਸ਼ ਅਜੇ ਅਦਾਲਤ ਵਿੱਚ ਸਾਬਤ ਨਹੀਂ ਹੋਏ ਹਨ ਅਤੇ ਦੋਵਾਂ ਨੂੰ ਕਾਨੂੰਨ ਅਨੁਸਾਰ ਦੋਸ਼ ਸਾਬਤ ਹੋਣ ਤੱਕ ਨਿਰਦੋਸ਼ ਮੰਨਿਆ ਜਾਂਦਾ ਹੈ।

### ਮੋਹਣਜੀਤ ਸਿੰਘ ਨਾਲ ਪੁਲਿਸ ਵੱਲੋਂ ਕੀਤੇ ਕਥਿਤ ਤਸ਼ੱਦਦ ’ਤੇ ਬੀਬੀ ਰਣਜੀਤ ਕੌਰ ਦਾ ਤਿੱਖਾ ਹਮਲਾ

# ਪੰਜਾਬ ਸਰਕਾਰ ਕਾਲੇ ਝੰਡਿਆਂ ਤੋਂ ਨਹੀਂ, ਲੋਕਾਂ ਦੇ ਸਵਾਲਾਂ ਤੋਂ ਰਹੀ ਹੈ ਡਰ



**ਨਵੀਂ ਦਿੱਲੀ, 5 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:-ਦਿੱਲੀ ਗੁਰਦੁਆਰਾ ਕਮੇਟੀ ਦੀ ਸੀਨੀਅਰ ਮੈਂਬਰ ਬੀਬੀ ਰਣਜੀਤ ਕੌਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕੋਲੋਂ ਨਸ਼ਿਆਂ ਦੇ ਮੁੱਦੇ ’ਤੇ ਸਵਾਲ ਪੁੱਛਣ ਅਤੇ ਕਾਲਾ ਝੰਡਾ ਲਹਿਰਾ ਕੇ ਆਪਣਾ ਲੋਕਤੰਤਰਕ ਵਿਰੋਧ ਦਰਜ ਕਰਵਾਉਣ ਵਾਲੇ ਮੋਹਣਜੀਤ ਸਿੰਘ ਨਾਲ ਪੁਲਿਸ ਵੱਲੋਂ ਕੀਤੇ ਗਏ ਕਥਿਤ ਤਸ਼ੱਦਦ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਕੋਲੋਂ ਨਸ਼ਿਆਂ ਬਾਰੇ ਸਵਾਲ ਪੁੱਛਣਾ ਹੀ ਕਿਸੇ ਨਾਗਰਿਕ ਦਾ ਕਸੂਰ ਬਣ ਗਿਆ ਹੈ ਤਾਂ ਪੰਜਾਬ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਸੂਬੇ ਵਿੱਚ ਲੋਕਤੰਤਰ ਦੀ ਪਰਿਭਾਸ਼ਾ ਕੀ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਜੰਗ ਦੇ ਦਾਅਵੇ ਕਰਨ ਵਾਲੀ ਸਰਕਾਰ ਜੇਕਰ ਸਵਾਲ ਦਾ ਜਵਾਬ ਦੇਣ ਦੀ ਥਾਂ ਕਥਿਤ ਪੁਲਿਸੀ ਜ਼ਬਰ ਵਰਤਦੀ ਹੈ ਤਾਂ ਇਹ ਸਰਕਾਰ ਦੀ ਕਾਰਗੁਜ਼ਾਰੀ ’ਤੇ ਗੰਭੀਰ ਸਵਾਲ ਹੈ। ਕਾਲਾ ਝੰਡਾ ਕਿਸੇ ’ਤੇ ਹਮਲਾ ਨਹੀਂ, ਸਗੋਂ ਲੋਕਤੰਤਰਕ ਵਿਰੋਧ ਦਾ ਪ੍ਰਤੀਕ ਹੈ। ਬੀਬੀ ਰਣਜੀਤ ਕੌਰ ਨੇ ਕਿਹਾ ਕਿ ਪੰਜਾਬ ਦਾ ਨੌਜਵਾਨ ਨਸ਼ਿਆਂ ਦੀ ਮਾਰ ਹੇਠ ਬਰਬਾਦ ਹੋ ਰਿਹਾ ਹੈ ਅਤੇ ਅਜਿਹੇ ਸਮੇਂ ਸਰਕਾਰ ਤੋਂ ਜਵਾਬ ਮੰਗਣ ਵਾਲੇ ਨਾਗਰਿਕ ਨੂੰ ਕਥਿਤ ਪੁਲਿਸ ਤਸ਼ੱਦਦ ਦਾ ਸਾਹਮਣਾ ਕਰਨਾ ਪਵੇ ਤਾਂ ਇਹ ਬੇਹੱਦ ਚਿੰਤਾਜਨਕ ਹੈ। ਉਨ੍ਹਾਂ ਕਿਹਾ ਕਿ ਮੋਹਣਜੀਤ ਸਿੰਘ ਨਾਲ ਹੋਏ ਕਥਿਤ ਤਸ਼ੱਦਦ ਦੀ ਨਿਰਪੱਖ ਅਤੇ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਜੇਕਰ ਜਾਂਚ ਵਿੱਚ ਪੁਲਿਸ ਮੁਲਾਜ਼ਮਾਂ ਵੱਲੋਂ ਕਾਨੂੰਨ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਾਹਮਣੇ ਆਉਂਦੀ ਹੈ ਤਾਂ ਜ਼ਿੰਮੇਵਾਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਵਾਲ ਪੁੱਛਣ ਵਾਲੇ ਦੇ ਸਰੀਰ ’ਤੇ ਨਿਸ਼ਾਨ ਬਣਾ ਕੇ ਸਰਕਾਰ ਆਪਣੇ ਖ਼ਿਲਾਫ਼ ਉੱਠ ਰਹੇ ਸਵਾਲਾਂ ਦੇ ਨਿਸ਼ਾਨ ਨਹੀਂ ਮਿਟਾ ਸਕਦੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਧਮਕੀਆਂ, ਡੰਡੇ ਅਤੇ ਤਸ਼ੱਦਦ ਨਹੀਂ, ਸਗੋਂ ਨਸ਼ਿਆਂ ਦੇ ਖ਼ਾਤਮੇ ਦੇ ਠੋਸ ਨਤੀਜੇ, ਪਾਰਦਰਸ਼ਤਾ ਅਤੇ ਸਰਕਾਰ ਤੋਂ ਜਵਾਬ ਚਾਹੀਦਾ ਹੈ। ਜੇ ਸਰਕਾਰ ਆਪਣੇ ਆਪ ਨੂੰ ਲੋਕਾਂ ਦੀ ਸਰਕਾਰ ਕਹਿੰਦੀ ਹੈ ਤਾਂ ਉਸਨੂੰ ਅਸਹਿਮਤੀ ਦੀ ਆਵਾਜ਼ ਕੁਚਲਣ ਦੀ ਬਜਾਏ ਸੁਣਨੀ ਪਵੇਗੀ ਕਿਉਕਿ ਲੋਕਤੰਤਰ ਵਿੱਚ ਸਵਾਲ ਪੁੱਛਣ ਵਾਲਾ ਦੁਸ਼ਮਣ ਨਹੀਂ, ਸਰਕਾਰ ਨੂੰ ਜਵਾਬਦੇਹ ਬਣਾਉਣ ਵਾਲਾ ਨਾਗਰਿਕ ਹੀ ਹੁੰਦਾ ਹੈ।

## ਅਨੁਸ਼ਾਸਨ ਅਤੇ ਵਫ਼ਾਦਾਰੀ ਹੀ ਆਮ ਆਦਮੀ ਪਾਰਟੀ ਦੀ ਅਸਲ ਤਾਕਤ: ਪਾਰਟੀ ਨਾਲ ਧੋਖਾ ਕਰਨ ਵਾਲੇ ਅੰਦਰੂਨੀ ਘੁਸਪੈਠੀਆਂ ਨੂੰ ਸਪੱਸ਼ਟ ਸੁਨੇਹਾ

### 2016 ਤੋਂ ਨਿਸ਼ਕਾਮ ਸੇਵਾਦਾਰ: ਅਹੁਦਿਆਂ ਦੀ ਭੁੱਖ ਨਹੀਂ, ਪਾਰਟੀ ਦੀ ਚੜ੍ਹਦੀ ਕਲਾ ਹੀ ਮੇਰਾ ਮੁੱਖ ਮਨੋਰਥ



ਮੈਂ 2016 ਤੋਂ ਲੈ ਕੇ ਅੱਜ ਤੱਕ ਆਮ ਆਦਮੀ ਪਾਰਟੀ ਦਾ ਇੱਕ ਵਫ਼ਾਦਾਰ ਅਤੇ ਸਮਰਪਿਤ ਸਿਪਾਹੀ ਹਾਂ। ਇਸ ਲੰਮੇ ਪੈਂਡੇ ਦੌਰਾਨ ਪਾਰਟੀ ਨੇ ਮੇਰੇ ’ਤੇ ਭਰੋਸਾ ਪ੍ਰਗਟਾਉਂਦੇ ਹੋਏ ਮੈਨੂੰ ਬਲਾਕ ਪ੍ਰਧਾਨ, ਯੂਥ ਜ਼ਿਲ੍ਹਾ ਪ੍ਰਧਾਨ, ਕਿਸਾਨ ਵਿੰਗ ਜ਼ਿਲ੍ਹਾ ਪ੍ਰਧਾਨ, ਨਸ਼ਾ ਮੁਕਤ ਮਹਿਮ ਜ਼ਿਲ੍ਹਾ ਪ੍ਰਧਾਨ, ਅਤੇ ਹੁਣ ਬਲਾਕ ਸੰਮਤੀ ਚੇਅਰਮੈਨ ਵਰਗੀਆਂ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ। ਮੈਂ ਹਰ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ, ਇਮਾਨਦਾਰੀ ਅਤੇ ਨਿਮਰਤਾ ਨਾਲ ਨਿਭਾਇਆ ਹੈ। ਜਿੱਥੇ ਵੀ ਪਾਰਟੀ ਨੇ ਮੈਨੂੰ ਸੇਵਾ ਲਈ ਲਗਾਇਆ, ਜਿਸ ਵੀ ਹਲਕਾ ਇੰਚਾਰਜ ਜਾਂ ਐਮ.ਐਲ.ਏ. ਨਾਲ ਡਿਊਟੀ ਲਗਾਈ, ਮੈਂ ਦਿਨ-ਰਾਤ ਇੱਕ ਕਰਕੇ ਪਾਰਟੀ ਦਾ ਝੰਡਾ ਬੁਲੰਦ ਕੀਤਾ ਅਤੇ ਹਮੇਸ਼ਾ ਪਾਰਟੀ ਦੀ ਸ਼ਾਨ ਨੂੰ ਉੱਚਾ ਰੱਖਿਆ। ਸਾਡੇ ਖ਼ੂਨ ਵਿੱਚ ਆਪਣੇ ਹੀ ਲੀਡਰਾਂ ਜਾਂ ਵਰਕਰਾਂ ਦੀ ਪਿੱਠ ਵਿੱਚ ਛੁਰਾ ਮਾਰਨਾ ਨਹੀਂ ਹੈ। ਪਰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਕੁਝ ਅਖੌਤੀ ਵਰਕਰ ਆਪਣੇ ਹੀ ਆਗੂਆਂ ਅਤੇ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰਨ ਅਤੇ ਲੱਤਾਂ ਖਿੱਚਣ ਦੀ ਗੰਦੀ ਰਾਜਨੀਤੀ ਕਰ ਰਹੇ ਹਨ। ਜਿਨ੍ਹਾਂ ਨੂੰ ਪਾਰਟੀ ਨੇ ਜ਼ਿੰਮੇਵਾਰੀਆਂ ਦਿੱਤੀਆਂ, ਉਹ ਆਪਣੇ ਹੀ ਘਰ ਨੂੰ ਨੁਕਸਾਨ ਪਹੁੰਚਾ ਰਹੇ ਹਨ। ਮੇਰੀ ਇਹ ਸਪੱਸ਼ਟ ਬੇਨਤੀ ਹੈ ਕਿ ਅਜਿਹੇ ਗੱਦਾਰ ਅਤੇ ਦੋਗਲੇ ਲੋਕਾਂ ਨੂੰ ਆਮ ਆਦਮੀ ਪਾਰਟੀ ਦਾ ਸਾਥ ਤੁਰੰਤ ਛੱਡ ਦੇਣਾ ਚਾਹੀਦਾ ਹੈ। ਪਾਰਟੀ ਜਿਸ ’ਤੇ ਵੀ ਭਰੋਸਾ ਕਰਦੀ ਹੈ, ਉਸ ਨੂੰ ਆਪਣਾ ਫ਼ਰਜ਼ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ, ਕਿਉਂਕਿ ਆਮ ਆਦਮੀ ਪਾਰਟੀ ਆਪਣੇ ਮਿਹਨਤੀ ਅਤੇ ਵਫ਼ਾਦਾਰ ਵਰਕਰਾਂ ਦਾ ਮਾਨ-ਸਤਿਕਾਰ ਬਹਾਲ ਰੱਖਣਾ ਚੰਗੀ ਤਰ੍ਹਾਂ ਜਾਣਦੀ ਹੈ। ਜੇਕਰ ਤੁਹਾਨੂੰ ਮੇਰੀਆਂ ਇਹ ਸੱਚੀਆਂ ਗੱਲਾਂ ਵਧੀਆ ਲੱਗੀਆਂ ਤਾਂ ਪੋਸਟ ਨੂੰ ਲਾਇਕ ਅਤੇ ਕਮੈਂਟ ਕਰਕੇ ਜ਼ਰੂਰ ਸਮਰਥਨ ਦੇਵੋ। ਪਰ ਜੋ ਲੋਕ ਸੱਚ ਸੁਣਨ ਦੀ ਹਿੰਮਤ ਨਹੀਂ ਰੱਖਦੇ ਅਤੇ ਪਾਰਟੀ ਵਿਰੋਧੀ ਸੋਚ ਰੱਖਦੇ ਹਨ, ਉਹ ਮੇਰੇ ਫੇਸਬੁੱਕ ਪੇਜ ਤੋਂ ਦੂਰ ਰਹਿਣ। **-ਗੁਰਵਿੰਦਰ ਸਿੰਘ, ਚੇਅਰਮੈਨ ਪੰਚਾਇਤ ਸੰਮਤੀ ਸਨੌਰ**

## ਨੇਪਾਲ ਵਿੱਚ ਹੋਏ ਭਿਆਨਕ ਜਾਨੀ ਨੁਕਸਾਨ ’ਤੇ ਸਤਿਗੁਰੂ ਪਬਲਿਕ ਸਕੂਲ ਕਲਾਲਵਾਲਾ ਦੇ ਵਿਦਿਆਰਥੀਆਂ ਤੇ ਸਟਾਫ਼ ਵੱਲੋਂ ਇੱਕ ਮਿੰਟ ਦਾ ਮੌਨ



**ਤਲਵੰਡੀ ਸਾਬੋ, 05 ਸਤੰਬਰ (ਗੁਰਜੰਟ ਸਿੰਘ ਨਥੇਹਾ)**-ਨੇਪਾਲ ਵਿੱਚ ਵਾਪਰੀ ਦੁਖਦਾਈ ਘਟਨਾ ਕਾਰਨ ਹੋਏ ਭਾਰੀ ਜਾਨੀ ਨੁਕਸਾਨ ’ਤੇ ਡੂੰਘੇ ਦੁੱਖ ਅਤੇ ਸੰਵੇਦਨਾ ਦਾ ਪ੍ਰਗਟਾਵਾ ਕਰਦਿਆਂ ਸਤਿਗੁਰੂ ਪਬਲਿਕ ਸਕੂਲ, ਰਾਈਆ ਰੋਡ, ਕਲਾਲਵਾਲਾ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਵੱਲੋਂ ਅੱਜ ਇੱਕ ਮਿੰਟ ਦਾ ਮੌਨ ਵਰਤ ਰੱਖਿਆ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਸਟਾਫ਼ ਨੇ ਇਸ ਦੁਖਦਾਈ ਘਟਨਾ ਵਿੱਚ ਜਾਨ ਗੁਆਉਣ ਵਾਲੇ ਵਿਅਕਤੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਅਰਦਾਸ ਕੀਤੀ। ਇਸ ਦੇ ਨਾਲ ਹੀ ਪ੍ਰਭਾਵਿਤ ਅਤੇ ਜ਼ਖ਼ਮੀ ਵਿਅਕਤੀਆਂ ਦੇ ਜਲਦ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਗਈ ਅਤੇ ਪੀੜਤ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਗਈ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮਧੂ ਬਾਂਸਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗਲੇਸ਼ੀਅਰਾਂ ਦਾ ਲਗਾਤਾਰ ਪਿਘਲਣਾ ਸਾਡੇ ਸਾਰਿਆਂ ਲਈ ਸੋਚਣ ਵਾਲੀ ਗੱਲ ਹੈ। ਮਨੁੱਖ ਵੱਲੋਂ ਲਗਾਤਾਰ ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਅਤੇ ਵਾਤਾਵਰਨ ਵਿੱਚ ਵੱਧ ਰਹੇ ਪ੍ਰਦੂਸ਼ਣ ਕਾਰਨ ਕੁਦਰਤੀ ਸੰਤੁਲਨ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸਮੇਂ ਸਿਰ ਵਾਤਾਵਰਨ ਦੀ ਸੰਭਾਲ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਪ੍ਰਿੰਸੀਪਲ ਮਧੂ ਬਾਂਸਲ ਨੇ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਪ੍ਰਦੂਸ਼ਣ ਨੂੰ ਘੱਟ ਕਰਨ, ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਵਿਸ਼ੇਸ਼ ਤੌਰ ’ਤੇ ਪਲਾਸਟਿਕ ਦੀ ਵਰਤੋਂ ਨੂੰ ਘੱਟ ਕਰਨ ਅਤੇ ਵਰਤੋਂ ਤੋਂ ਬਾਅਦ ਪਲਾਸਟਿਕ ਦੀਆਂ ਵਸਤੂਆਂ ਨੂੰ ਇੱਧਰ-ਉੱਧਰ ਸੁੱਟਣ ਦੀ ਬਜਾਏ ਇੱਕ ਥਾਂ ਇਕੱਠਾ ਕਰਕੇ ਸਹੀ ਢੰਗ ਨਾਲ ਨਿਪਟਾਰੇ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਵਾਤਾਵਰਨ ਦੀ ਰੱਖਿਆ ਸਿਰਫ਼ ਸਰਕਾਰ ਜਾਂ ਕਿਸੇ ਇੱਕ ਸੰਸਥਾ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਹਰ ਵਿਅਕਤੀ ਵੱਲੋਂ ਕੀਤੀ ਛੋਟੀ ਜਿਹੀ ਕੋਸ਼ਿਸ਼ ਵੀ ਵਾਤਾਵਰਨ ਨੂੰ ਸਾਫ਼-ਸੁਥਰਾ ਅਤੇ ਸੁਰੱਖਿਅਤ ਬਣਾਉਣ ਵਿੱਚ ਵੱਡਾ ਯੋਗਦਾਨ ਪਾ ਸਕਦੀ ਹੈ।

**ਸਿੱਖਾਂ ਦੀ ਕਿਰਪਾਨ ’ਤੇ ਕਾਨੂੰਨੀ ਛੋਟ ਖ਼ਤਮ ਕਰੇਗੀ Reform UK : ਜ਼ਿਆ ਯੂਸਫ਼ ਦੇ ਐਲਾਨ ਨਾਲ**

# ਸਿੱਖ ਭਾਈਚਾਰੇ ਵਿੱਚ ਚਿੰਤਾ : ਤਨਮਨਜੀਤ ਸਿੰਘ ਢੇਸੀ ਵੱਲੋਂ ਤਿੱਖਾ ਵਿਰੋਧ





**ਲੰਡਨ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖਾਂ ਦੀ ਧਾਰਮਿਕ ਕਿਰਪਾਨ ਨੂੰ ਮਿਲੀ ਕਾਨੂੰਨੀ ਛੋਟ ਖ਼ਤਮ ਕਰਨ ਦੇ Reform UK ਦੇ ਵਾਅਦੇ ਨੇ ਬਰਤਾਨੀਆ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। Reform UK ਦੇ ਆਗੂ ਜ਼ਿਆ ਯੂਸਫ਼ ਨੇ ਪਾਰਟੀ ਦੀ ਸਾਲਾਨਾ ਕਾਨਫਰੰਸ ਦੌਰਾਨ ਮੁੜ ਕਿਹਾ ਹੈ ਕਿ ਸੱਤਾ ਵਿੱਚ ਆਉਣ ’ਤੇ ਪਾਰਟੀ ਸਿੱਖਾਂ ਨੂੰ ਕਿਰਪਾਨ ਰੱਖਣ ਸਬੰਧੀ ਮਿਲੀ ਕਾਨੂੰਨੀ ਛੋਟ ਨੂੰ ਖ਼ਤਮ ਕਰੇਗੀ। ਇਹ ਐਲਾਨ ਬਰਮਿੰਘਮ ਵਿੱਚ ਹੋ ਰਹੀ Reform UK ਦੀ ਸਾਲਾਨਾ ਕਾਨਫਰੰਸ ਦੇ ਦੌਰਾਨ ਸਾਹਮਣੇ ਆਇਆ। ਪਾਰਟੀ ਵੱਲੋਂ ਇਸ ਮਾਮਲੇ ਨੂੰ ਜਨਤਕ ਸੁਰੱਖਿਆ ਅਤੇ ਕਾਨੂੰਨ ਦੀ ਬਰਾਬਰ ਲਾਗੂ ਹੋਣ ਦੀ ਦਲੀਲ ਨਾਲ ਜੋੜਿਆ ਜਾ ਰਿਹਾ ਹੈ। ਹਾਲਾਂਕਿ, ਸਿੱਖ ਭਾਈਚਾਰੇ ਵੱਲੋਂ ਇਸ ਰੁਖ਼ ’ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ। ਇਸ ਮੁੱਦੇ ਦੀ ਸਿਆਸੀ ਤੀਬਰਤਾ ਉਸ ਸਮੇਂ ਵਧੀ ਜਦੋਂ ਹੈਨਰੀ ਨੋਵਾਕ ਦੀ ਹੱਤਿਆ ਦੇ ਮਾਮਲੇ ਨੂੰ ਕਿਰਪਾਨ ਨਾਲ ਜੋੜ ਕੇ ਸਿੱਖਾਂ ਦੀ ਧਾਰਮਿਕ ਰਵਾਇਤ ਅਤੇ ਕਾਨੂੰਨੀ ਛੋਟ ’ਤੇ ਸਵਾਲ ਉਠਾਏ ਗਏ। Reform UK ਵੱਲੋਂ ਇਸ ਘਟਨਾ ਨੂੰ ਕਿਰਪਾਨ ਸਬੰਧੀ ਮੌਜੂਦਾ ਕਾਨੂੰਨੀ ਪ੍ਰਬੰਧਾਂ ਵਿੱਚ ਤਬਦੀਲੀ ਦੀ ਲੋੜ ਲਈ ਆਧਾਰ ਬਣਾਇਆ ਗਿਆ ਹੈ। ਇਸ ਦੇ ਉਲਟ, ਸਲਾਓ ਤੋਂ ਲੇਬਰ ਪਾਰਟੀ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਬਰਤਾਨਵੀ ਸੰਸਦ ਵਿੱਚ ਇਸ ਰੁਖ਼ ਦਾ ਤਿੱਖਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਇੱਕ ਵਿਅਕਤੀ ਵੱਲੋਂ ਕੀਤੇ ਗਏ ਹਿੰਸਕ ਅਪਰਾਧ ਲਈ ਪੂਰੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਜਾਂ ਉਸ ਦੀ ਧਾਰਮਿਕ ਪਹਿਚਾਣ ਨਾਲ ਜੁੜੀ ਕਿਰਪਾਨ ਨੂੰ ਦੋਸ਼ੀ ਠਹਿਰਾਉਣਾ ਠੀਕ ਨਹੀਂ। ਢੇਸੀ ਨੇ ਸੰਸਦ ਵਿੱਚ ਕਿਹਾ ਕਿ ਹੈਨਰੀ ਨੋਵਾਕ ਦੀ ਹੱਤਿਆ ਬੇਹੱਦ ਦੁਖਦਾਈ ਅਤੇ ਨਿੰਦਣਯੋਗ ਸੀ, ਪਰ ਇਸ ਘਟਨਾ ਦੇ ਆਧਾਰ ’ਤੇ ਸਿੱਖ ਭਾਈਚਾਰੇ ਵਿਰੁੱਧ ਮਾਹੌਲ ਬਣਾਉਣਾ ਜਾਂ ਕਿਰਪਾਨ ’ਤੇ ਪਾਬੰਦੀ ਦੀ ਮੰਗ ਕਰਨਾ ਗਲਤ ਹੈ। ਉਨ੍ਹਾਂ ਨੇ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਕਿ ਅਪਰਾਧ ਕਿਸੇ ਵਿਅਕਤੀ ਦੀ ਕਾਰਵਾਈ ਹੁੰਦੀ ਹੈ ਅਤੇ ਉਸ ਦੀ ਜ਼ਿੰਮੇਵਾਰੀ ਪੂਰੇ ਭਾਈਚਾਰੇ ’ਤੇ ਨਹੀਂ ਪਾਈ ਜਾ ਸਕਦੀ। ਤਨਮਨਜੀਤ ਸਿੰਘ ਢੇਸੀ ਨੇ ਬਰਤਾਨਵੀ ਇਤਿਹਾਸ ਵਿੱਚ ਸਿੱਖਾਂ ਦੇ ਯੋਗਦਾਨ ਨੂੰ ਵੀ ਯਾਦ ਕਰਵਾਇਆ। ਉਨ੍ਹਾਂ ਕਿਹਾ ਕਿ ਦੋਵੇਂ ਵਿਸ਼ਵ ਯੁੱਧਾਂ ਦੌਰਾਨ ਹਜ਼ਾਰਾਂ ਸਿੱਖ ਸੈਨਿਕਾਂ ਨੇ ਬਰਤਾਨਵੀ ਫੌਜਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਾਈ ਲੜੀ ਅਤੇ ਵੱਡੀਆਂ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਲਈ ਦਸਤਾਰ ਅਤੇ ਕਿਰਪਾਨ ਸਿਰਫ਼ ਨਿੱਜੀ ਵਸਤੂਆਂ ਨਹੀਂ, ਸਗੋਂ ਸਿੱਖ ਧਾਰਮਿਕ ਪਹਿਚਾਣ ਦਾ ਅਹਿਮ ਹਿੱਸਾ ਹਨ। ਕਿਰਪਾਨ ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚੋਂ ਇੱਕ ਹੈ ਅਤੇ ਧਾਰਮਿਕ ਆਸਥਾ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਬਰਤਾਨੀਆ ਦੇ ਮੌਜੂਦਾ ਕਾਨੂੰਨ ਵਿੱਚ ਧਾਰਮਿਕ ਕਾਰਨਾਂ ਕਰਕੇ ਬਲੇਡ ਵਾਲੀ ਵਸਤੂ ਰੱਖਣ ਸਬੰਧੀ ਕੁਝ ਵਿਸ਼ੇਸ਼ ਕਾਨੂੰਨੀ ਸੁਰੱਖਿਆ ਮੌਜੂਦ ਹੈ। ਇਸ ਤੋਂ ਇਲਾਵਾ 2019 ਵਿੱਚ ਕੀਤੀਆਂ ਕਾਨੂੰਨੀ ਤਬਦੀਲੀਆਂ ਨੇ ਧਾਰਮਿਕ ਮਕਸਦਾਂ ਲਈ ਵਰਤੀਆਂ ਜਾਣ ਵਾਲੀਆਂ ਵੱਡੀਆਂ ਰਸਮੀ ਕਿਰਪਾਨਾਂ ਸਬੰਧੀ ਵੀ ਸੁਰੱਖਿਆ ਨੂੰ ਕਾਇਮ ਰੱਖਿਆ ਸੀ। ਹਾਲਾਂਕਿ Reform UK ਵੱਲੋਂ ਕਿਰਪਾਨ ਦੀ ਕਾਨੂੰਨੀ ਛੋਟ ਖ਼ਤਮ ਕਰਨ ਦਾ ਐਲਾਨ ਕੀਤਾ ਗਿਆ ਹੈ, ਪਰ ਇਸ ਵੇਲੇ ਇਹ ਕੋਈ ਲਾਗੂ ਹੋ ਚੁੱਕੀ ਨਵੀਂ ਪਾਬੰਦੀ ਨਹੀਂ ਹੈ। ਇਸ ਨੂੰ ਲਾਗੂ ਕਰਨ ਲਈ ਭਵਿੱਖ ਵਿੱਚ ਕਾਨੂੰਨ ਵਿੱਚ ਤਬਦੀਲੀ ਕਰਨੀ ਪਵੇਗੀ। ਇਸ ਮੁੱਦੇ ਨੇ ਹੁਣ ਧਾਰਮਿਕ ਆਜ਼ਾਦੀ, ਘੱਟਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਅਤੇ ਜਨਤਕ ਸੁਰੱਖਿਆ ਵਿਚਕਾਰ ਸੰਤੁਲਨ ਨੂੰ ਲੈ ਕੇ ਬਰਤਾਨਵੀ ਸਿਆਸਤ ਵਿੱਚ ਵੱਡੀ ਬਹਿਸ ਛੇੜ ਦਿੱਤੀ ਹੈ। ਇੱਕ ਪਾਸੇ Reform UK ਕਾਨੂੰਨ ਨੂੰ ਸਖ਼ਤ ਕਰਨ ਦੀ ਗੱਲ ਕਰ ਰਹੀ ਹੈ, ਜਦਕਿ ਦੂਜੇ ਪਾਸੇ ਸਿੱਖ ਨੁਮਾਇੰਦੇ ਅਤੇ ਉਨ੍ਹਾਂ ਦੇ ਹਮਾਇਤੀ ਦਲੀਲ ਦੇ ਰਹੇ ਹਨ ਕਿ ਕਿਸੇ ਇੱਕ ਵਿਅਕਤੀ ਦੇ ਅਪਰਾਧ ਨੂੰ ਪੂਰੇ ਭਾਈਚਾਰੇ ਦੀ ਧਾਰਮਿਕ ਪਹਿਚਾਣ ਨਾਲ ਜੋੜਨਾ ਬੇਇਨਸਾਫ਼ੀ ਹੋਵੇਗੀ।

**ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਸਾਹਿਬ ਦੀ ਸ਼ਹਾਦਤ ਅੱਜ ਵੀ**

# ਜ਼ਮੀਰ ਨੂੰ ਹੈ ਲਲਕਾਰਦੀ : ਪੰਥਕ ਜੱਥੇਬੰਦੀਆਂ ਜਰਮਨੀ



**ਨਵੀਂ ਦਿੱਲੀ 5 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:-ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਕੋਈ ਬੀਤੀ ਹੋਈ ਕਹਾਣੀ ਨਹੀਂ, ਇਹ ਅੱਜ ਵੀ ਸਾਡੀ ਜ਼ਮੀਰ ਦੇ ਦਰਵਾਜ਼ੇ ’ਤੇ ਦਸਤਕ ਦੇ ਰਹੀ ਇੱਕ ਜਿਉਂਦੀ ਪੁਕਾਰ ਹੈ। ਜਦੋਂ ਪੰਜਾਬ ਵਿੱਚ ਹਜ਼ਾਰਾਂ ਪਰਿਵਾਰ ਆਪਣੇ ਪੁੱਤਰਾਂ, ਭਰਾਵਾਂ ਅਤੇ ਪਤੀਆਂ ਦੀ ਉਡੀਕ ਵਿੱਚ ਦਰਵਾਜ਼ਿਆਂ ਵੱਲ ਤੱਕ ਰਹੇ ਸਨ, ਤਦੋਂ ਖਾਲੜਾ ਸਾਹਿਬ ਨੇ ਉਹਨਾਂ ਗੁੰਮਨਾਮ ਚਿਹਰਿਆਂ ਦਾ ਸੱਚ ਦੁਨੀਆ ਸਾਹਮਣੇ ਲਿਆਉਣ ਦਾ ਬੀੜਾ ਚੁੱਕਿਆ। ਉਨ੍ਹਾਂ ਨੂੰ ਪਤਾ ਸੀ ਕਿ ਸੱਚ ਦੀ ਆਵਾਜ਼ ਨੂੰ ਦਬਾਉਣ ਲਈ ਤਾਕਤ ਵਰਤੀ ਜਾ ਸਕਦੀ ਹੈ, ਪਰ ਉਨ੍ਹਾਂ ਨੇ ਆਪਣੀ ਜ਼ਮੀਰ ਨੂੰ ਸਰਕਾਰ ਦੇ ਡਰ ਅੱਗੇ ਝੁਕਣ ਨਹੀਂ ਦਿੱਤਾ। ਆਖ਼ਰ ਉਨ੍ਹਾਂ ਨੂੰ ਅਗਵਾ ਕਰਕੇ ਸ਼ਹੀਦ ਕਰ ਦਿੱਤਾ ਗਿਆ, ਪਰ ਜਿਸ ਸੱਚ ਨੂੰ ਚੁੱਪ ਕਰਾਉਣ ਲਈ ਉਨ੍ਹਾਂ ਦੀ ਜਾਨ ਲਈ ਗਈ, ਉਹ ਸੱਚ ਉਨ੍ਹਾਂ ਦੇ ਜਾਣ ਮਗਰੋਂ ਹੋਰ ਉੱਚੀ ਆਵਾਜ਼ ਵਿੱਚ ਬੋਲਣ ਲੱਗ ਪਿਆ। ਇੰਨ੍ਹਾ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਜਰਮਨੀ ਦੀਆਂ ਪੰਥਕ ਜੱਥੇਬੰਦੀਆਂ ਬੱਬਰ ਖਾਲਸਾ ਜਰਮਨੀ ਤੋਂ ਜਥੇਦਾਰ ਭਾਈ ਰੇਸ਼ਮ ਸਿੰਘ ਬੱਬਰ, ਭਾਈ ਰਜਿੰਦਰ ਸਿੰਘ ਬੱਬਰ, ਸਿੱਖ ਫੈਡਰੇਸ਼ਨ ਜਰਮਨੀ ਤੋਂ ਭਾਈ ਗੁਰਮੀਤ ਸਿੰਘ ਖਨਿਆਣ, ਭਾਈ ਗੁਰਦਿਆਲ ਸਿੰਘ ਲਾਲੀ, ਦਲ ਖਾਲਸਾ ਇੰਟਰਨੈਸਨਲ ਜਰਮਨੀ ਤੋਂ ਭਾਈ ਹਰਮੀਤ ਸਿੰਘ, ਭਾਈ ਅੰਗਰੇਜ਼ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਰਮਨੀ ਤੋਂ ਭਾਈ ਹੀਰਾ ਸਿੰਘ ਮੱਤੇਵਾਲ, ਸਿੱਖ ਫੈਡਰੇਸ਼ਨ ਇੰਟਰਨੈਸਨਲ ਜਰਮਨੀ ਤੋਂ ਭਾਈ ਲਖਵਿੰਦਰ ਸਿੰਘ ਮੱਲ੍ਹੀ ਨੇ ਕਿਹਾ ਖਾਲੜਾ ਸਾਹਿਬ ਦੀ ਸਭ ਤੋਂ ਵੱਡੀ ਸਿੱਖਿਆ ਇਹ ਹੈ ਕਿ ਹੱਕ ਦੀ ਲੜਾਈ ਸਿਰਫ਼ ਆਪਣੇ ਲਈ ਨਹੀਂ ਲੜੀ ਜਾਂਦੀ। ਉਹਨਾਂ ਨੇ ਇਹ ਨਹੀਂ ਵੇਖਿਆ ਕਿ ਪੀੜਤ ਕੌਣ ਹੈ, ਉਸ ਦਾ ਧਰਮ ਕੀ ਹੈ ਜਾਂ ਉਸ ਦਾ ਰਾਜਨੀਤਕ ਪੱਖ ਕੀ ਹੈ—ਉਨ੍ਹਾਂ ਨੇ ਸਿਰਫ਼ ਇਹ ਵੇਖਿਆ ਕਿ ਇਨਸਾਫ਼ ਕਿੱਥੇ ਖੜ੍ਹਾ ਹੈ। ਇਹੀ ਉਹ ਬਿੰਦੂ ਹੈ ਜਿੱਥੇ ਸ਼ਹਾਦਤ ਸਿਰਫ਼ ਮੌਤ ਨਹੀਂ ਰਹਿੰਦੀ, ਸਗੋਂ ਜ਼ਮੀਰ ਦਾ ਇਮਤਿਹਾਨ ਬਣ ਜਾਂਦੀ ਹੈ। ਅੱਜ ਸਾਡੇ ਕੋਲ ਬੋਲਣ ਲਈ ਮੰਚ ਹਨ, ਲਿਖਣ ਲਈ ਕਲਮਾਂ ਹਨ ਅਤੇ ਸੱਚ ਕਹਿਣ ਲਈ ਅਨੇਕਾਂ ਰਸਤੇ ਹਨ, ਫਿਰ ਵੀ ਜੇ ਅਸੀਂ ਅਨਿਆਂ ਦੇਖ ਕੇ ਚੁੱਪ ਰਹੀਏ ਤਾਂ ਖਾਲੜਾ ਸਾਹਿਬ ਦੀ ਸ਼ਹਾਦਤ ਨੂੰ ਯਾਦ ਕਰਨਾ ਸਿਰਫ਼ ਰਸਮ ਬਣ ਕੇ ਰਹਿ ਜਾਂਦਾ ਹੈ। ਸਮੂਹ ਬੁਲਾਰਿਆਂ ਨੇ ਕਿਹਾ ਉਨ੍ਹਾਂ ਦੀ ਸ਼ਹਾਦਤ ਸਾਨੂੰ ਝੰਜੋੜ ਕੇ ਪੁੱਛਦੀ ਹੈ—ਕੀ ਸਾਡੀ ਜ਼ਮੀਰ ਅਜੇ ਵੀ ਜਿਉਂਦੀ ਹੈ? ਕੀ ਅਸੀਂ ਸੱਚ ਦੇ ਨਾਲ ਉਸ ਵੇਲੇ ਵੀ ਖੜ੍ਹਾਂਗੇ ਜਦੋਂ ਸੱਚ ਬੋਲਣਾ ਸਾਨੂੰ ਇਕੱਲਾ ਕਰ ਦੇਵੇ? ਕੀ ਅਸੀਂ ਪੀੜਤ ਦੀ ਆਵਾਜ਼ ਉਸ ਵੇਲੇ ਵੀ ਬਣਾਂਗੇ ਜਦੋਂ ਉਸ ਲਈ ਬੋਲਣ ਦੀ ਕੋਈ ਕੀਮਤ ਚੁਕਾਉਣੀ ਪਵੇ? ਖਾਲੜਾ ਸਾਹਿਬ ਨੇ ਆਪਣੀ ਜਾਨ ਦੇ ਕੇ ਦੱਸ ਦਿੱਤਾ ਕਿ ਸੱਚ ਦੀ ਕੀਮਤ ਹੁੰਦੀ ਹੈ, ਪਰ ਸੱਚ ਤੋਂ ਮੂੰਹ ਮੋੜਨ ਦੀ ਕੀਮਤ ਉਸ ਤੋਂ ਵੀ ਵੱਡੀ ਹੁੰਦੀ ਹੈ। ਉਨ੍ਹਾਂ ਦਾ ਸਰੀਰ ਮਿਟਾਇਆ ਜਾ ਸਕਦਾ ਸੀ, ਪਰ ਉਨ੍ਹਾਂ ਦੀ ਜ਼ਮੀਰ ਨਹੀਂ, ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਸਕਦਾ ਸੀ, ਪਰ ਉਨ੍ਹਾਂ ਵੱਲੋਂ ਜਗਾਈ ਇਨਸਾਫ਼ ਦੀ ਚਿੰਗਾਰੀ ਨੂੰ ਨਹੀਂ। ਅੱਜ ਲੋੜ ਹੈ ਕਿ ਅਸੀਂ ਖਾਲੜਾ ਸਾਹਿਬ ਨੂੰ ਸਿਰਫ਼ ਯਾਦ ਨਾ ਕਰੀਏ—ਉਨ੍ਹਾਂ ਦੀ ਨਿਡਰਤਾ, ਸੱਚਾਈ ਅਤੇ ਇਨਸਾਫ਼ ਪ੍ਰਤੀ ਵਚਨਬੱਧਤਾ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਈਏ। ਇਹੀ ਉਨ੍ਹਾਂ ਦੀ ਸ਼ਹਾਦਤ ਨੂੰ ਸੱਚੀ ਸਲਾਮੀ ਹੋਵੇਗੀ। ਅੰਤ ਵਿਚ ਓਨ੍ਹਾ ਖਾਲਿਸਤਾਨ ਦੀ ਸਥਾਪਨਾ ਲਈ ਚੱਲ ਰਹੇ ਸੰਘਰਸ਼ ਨੂੰ ਅੱਗੇ ਵਧਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸਿੱਖਾਂ ਦੇ ਪ੍ਰਸਤਾਵਿਤ ਆਜ਼ਾਦ ਮੁਲਕ ਖਾਲਿਸਤਾਨ ਵਿੱਚ ਅਣਪਛਾਤੇ ਕਰਕੇ ਮਾਰੇ ਜਾਣ, ਪੁਲਿਸੀ ਜ਼ੁਲਮ ਅਤੇ ਬੇਇਨਸਾਫ਼ੀ ਲਈ ਕੋਈ ਥਾਂ ਨਹੀਂ ਹੋਵੇਗੀ। ਓਨ੍ਹਾ ਹਰ ਧਰਮ ਤੇ ਵਰਗ ਨੂੰ ਅਮਨ, ਬਰਾਬਰੀ ਅਤੇ ਆਜ਼ਾਦੀ ਨਾਲ ਜੀਣ ਦੇ ਹੱਕ ਦਾ ਭਰੋਸਾ ਦਿੰਦਿਆਂ ਖਾਲਿਸਤਾਨ ਦੀ ਸਥਾਪਤੀ ਲਈ ਚਲ ਰਹੇ ਮੌਜੂਦਾ ਸੰਘਰਸ਼ ਨੂੰ ਆਪਣੀ ਵਿਥ ਅਨੁਸਾਰ ਆਪੋ ਆਪਣੇ ਢੰਗ ਨਾਲ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਅਧਿਆਪਕ ਦਿਵਸ



ਪਹਿਲਾਂ ਸਾਡੇ ਮਾਪੇ ਟੀਚਰ
ਫੇਰ ਅਧਿਆਪਕ ਆਉਂਦੇ।
ਰੁੱਤਬਾ ਦੋਵਾਂ ਦਾ ਬਹੁਤ ਵੱਡਾ
ਨਾ ਸ਼ਬਦ ਸਿਫ਼ਤ ਲਈ ਥਿਆਉਂਦੇ।
ਜਨਮ ਮਾਪਿਆਂ ਦੇਕੇ ਵੱਡੇ
ਪਾਲ ਪੋਸਕੇ ਕਰਿਆ।
ਟੀਚਰਾਂ ਨੇ ਫਿਰ ਮਾਇੰਡ ਸਾਡੇ ਵਿੱਚ
ਹਰ ਇੱਕ ਰੰਗ ਨੂੰ ਭਰਿਆ।
ਕਾਲਾ ਅੱਖਰ ਮੱਝ ਬਰਾਬਰ
ਸਾਡੇ ਲਈ ਸੀ ਹੋਣਾ।
ਜੇ ਨਾ ਟੀਚਰ ਹੁੰਦੇ ਜੱਗ ਇਹ
ਲੱਗਣਾ ਨੀ ਸੀ ਸੋਹਣਾ।
ਵਿੱਦਿਆ ਵਿਚਾਰੀ ਪਰ ਉਪਕਾਰੀ
ਦੇ ਨਾਲ ਮੇਲ ਕਰਵਾਇਆ।
ਟੀਚਰਾਂ ਦਾ ਧੰਨਵਾਦ ਜਿੰਨ੍ਹਾਂ ਨੇ
ਪੈਰਾਂ ਉੱਤੇ ਖੜ੍ਹਾਇਆ।
ਰੁੱਤਬਾ ਕੋਈ ਵੀ ਹੋਵੇ
ਹੁੰਦਾ ਟੀਚਰ ਬਿਨ ਨਾ ਪੂਰਾ।
ਵਿਦਿਆ ਬਗੈਰ ਸੰਸਾਰ ਦੇ ਉੱਤੇ
ਸਾਰਾ ਕੰਮ ਅਧੂਰਾ।
ਕਾਮਯਾਬ ਜੇ ਹੋਣਾ ਟੀਚਰ ਤੋਂ
ਕੰਨੀਂ ਨਾ ਕਤਰਾਈਏ।
ਕਰੀਏ ਦਿੱਲੋਂ ਸਤਿਕਾਰ ਟੀਚਰ ਦਾ
ਸਦਾ ਹੀ ਮਾਣ ਵਧਾਈਏ।
ਸਿਰ ਟੀਚਰ ਦਾ ਉੱਚਾ ਕਰੀਏ
ਪੈਰਾਂ ਨੂੰ ਹੱਥ ਲਾਕੇ।
ਨਾਮ ਟੀਚਰ ਦਾ ਚੰਗੇ ਬੰਦੇ
ਰੱਖਦੇ ਨੇ ਚਮਕਾਕੇ।
ਕੌਰੇਆਣੇ ਪਿੰਡ ਵਾਲਿਆ ਕਿਹੜਾ
ਜਾਣਦਾ ਸੀ ਨਾਮ ਤੇਰਾ।
ਜੋ ਵੀ ਲਿਖਦਾ ਭੱਟੀ ਜਾਂਦਾ
ਟੀਚਰਾਂ ਸਿਰ ਉਹ ਸਿਹਰਾ।
ਜੋ ਵੀ ਲਿਖਦਾ ਭੱਟੀ ਜਾਂਦਾ
ਟੀਚਰਾਂ ਸਿਰ ਉਹ ਸਿਹਰਾ।

-ਗੁਰਮੇਲ ਭੱਟੀ, ਕੌਰੇਆਣਾ, 9876684438

# ਪਿੰਡ ਭਾਗੀਵਾਂਦਰ ਵਿਖੇ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ







ਤਲਵੰਡੀ ਸਾਬੋ, 05 ਸਤੰਬਰ (ਗੁਰਜੰਟ ਸਿੰਘ ਨਥੇਹਾ)- ਬਠਿੰਡਾ ਤੋਂ ਤਲਵੰਡੀ ਸਾਬੋ ਸੜਕ ਤੇ ਸਥਿਤ ਪਿੰਡ ਭਾਗੀਵਾਂਦਰ ਦੇ ਨਜ਼ਦੀਕ ਨਹਿਰ ਦੇ ਨਾਲ ਬਣ ਰਹੇ ਸ੍ਰੀ ਰਾਮ ਸ਼ਿਆਮ ਧਾਮ ਮੰਦਰ ਵਿੱਚ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਸ਼ਰਧਾ, ਭਗਤੀ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੰਦਰ ਨੂੰ ਰੰਗ-ਬਿਰੰਗੀਆਂ ਲਾਈਟਾਂ ਅਤੇ ਫੁੱਲਾਂ ਨਾਲ ਖੂਬਸੂਰਤ ਢੰਗ ਨਾਲ ਸਜਾਇਆ ਗਿਆ। ਕ੍ਰਿਸ਼ਨ ਭਗਵਾਨ ਜੀ ਦੇ ਜਨਮ ਅਸ਼ਟਮੀ ਦਿਹਾੜੇ ਨੂੰ ਸਮਰਪਿਤ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਮੰਦਰ ਵਿਖੇ ਪਹੁੰਚ ਕੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਦਰਸ਼ਨ ਕੀਤੇ ਅਤੇ ਪੂਜਾ-ਅਰਚਨਾ ਕਰਕੇ ਪਰਿਵਾਰ ਦੀ ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਇਸ ਮੌਕੇ ਮੰਦਰ ਦੇ ਮੁੱਖ ਸੇਵਾਦਾਰ ਗੁਰਦੀਪ ਸਿੰਘ ਗਿੱਲ ਨੇ ਮੰਦਰ ਸਬੰਧੀ ਇਤਿਹਾਸਕ ਜਾਣਕਾਰੀ ਦਿੱਤੀ ਅਤੇ ਭਗਤ ਜਨਾਂ ਨੂੰ ਭਗਵਾਨ ਕ੍ਰਿਸ਼ਨ ਜੀ ਭਜਨ ਅਤੇ ਧਾਰਮਿਕ ਪ੍ਰੋਗਰਾਮਾਂ ਨਾਲ਼ ਮਾਹੌਲ ਨੂੰ ਪੂਰੀ ਤਰ੍ਹਾਂ ਭਗਤੀਮਈ ਬਣਾ ਦਿੱਤਾ। ਇਸ ਮੰਦਿਰ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਸ਼ਿਵ ਗਰਗ, ਰਾਜ ਤਿਉਣਾ, ਸੁਭਾਸ਼ ਰਾਮਾ ਮੰਡੀ, ਗੁਰਪ੍ਰੀਤ ਕਲਰਕ, ਤਰਸੇਮ ਸਿੰਘ, ਸੁਖਪਾਲ ਤਿਉਣਾ, ਰਾਕੇਸ਼ ਭਾਗੀ ਬਾਂਦਰ, ਰਵੀ ਭਾਗੀਵਾਂਦਰ, ਰਾਜੀਵ, ਸ਼ਾਮ ਸੁੰਦਰ ਫੌਜੀ, ਮਨੋਜ਼ ਤੇ ਪ੍ਰਵੀਨ ਕੋਟ ਫੱਤਾ ਵੱਲੋਂ ਭਗਤਾਂ ਦੇ ਸਹਿਯੋਗ ਨਾਲ ਰਾਤ ਸਮੇਂ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਦੀ ਖੁਸ਼ੀ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਸਮੇਂ ਸ਼ਰਧਾਲੂਆਂ ਵੱਲੋਂ ‘ਨੰਦ ਕੇ ਘਰ ਆਨੰਦ ਭਯੋ’ ਦੇ ਜੈਕਾਰੇ ਲਗਾਏ ਗਏ ਅਤੇ ਸੰਗਤ ਨੇ ਖੁਸ਼ੀ ਸਾਂਝੀ ਕੀਤੀ। ਮੰਦਰ ਦੇ ਮੁੱਖ ਪੰਡਤ (ਪੁਜਾਰੀ) ਮੁਕੇਸ਼ ਸ਼ਰਮਾ ਵੱਲੋਂ ਆਰਤੀ ਕਰਨ ਉਪਰੰਤ ਆਏ ਹੋਏ ਸ਼ਰਧਾਲੂਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਕਿਹਾ ਕਿ ਕ੍ਰਿਸ਼ਨ ਜਨਮ ਅਸ਼ਟਮੀ ਸਾਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਦਿੱਤੇ ਧਰਮ, ਸੱਚਾਈ ਅਤੇ ਨੇਕੀ ਦੇ ਸੰਦੇਸ਼ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਪ੍ਰੇਰਣਾ ਦਿੰਦੀ ਹੈ। ਸਮਾਗਮ ਦੌਰਾਨ ਪਿੰਡ ਵਾਸੀਆਂ ਅਤੇ ਇਲਾਕੇ ਦੀ ਸੰਗਤ ਨੇ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ। ਭਗਤ ਜਨਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

### ਖ਼ਾਲਸਾ ਅਕੈਡਮੀ, ਜੱਬੋਵਾਲ (ਅੰਮ੍ਰਿਤਸਰ) ਦੇ ਵਿਦਿਆਰਥੀਆਂ ਨੇ

# ਤਖ਼ਤ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਭਰੀ ਕੀਰਤਨ ਦੀ ਹਾਜ਼ਰੀ




**ਚੌਕ ਮਹਿਤਾ, 5 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਖ਼ਾਲਸਾ ਅਕੈਡਮੀ ਦੇ ਮੁਖੀ ਸੰਤ ਬਾਬਾ ਮਲਕੀਤ ਸਿੰਘ ਖਾਲਸਾ ਜੱਬੋਵਾਲ ਜੀ ਦੀ ਸਰਪ੍ਰਸਤੀ ਹੇਠ ਯੂਅਰ ਸੇਵਾ ਸੰਸਥਾ ਯੂ ਕੇ ਵੱਲੋਂ ਚਲਾਏ ਜਾ ਰਹੇ ਵਿੱਦਿਅਕ ਅਦਾਰੇ ਸੰਤ ਬਾਬਾ ਗੁਰਬਖ਼ਸ਼ ਸਿੰਘ ਜੀ ਖਾਲਸਾ ਅਕੈਡਮੀ ਦੇ ਵਿਦਿਆਰਥੀਆਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਕੀਰਤਨ ਦੀ ਹਾਜ਼ਰੀ ਭਰੀ। ਤੰਤੀ ਸਾਜ਼ਾਂ ਦੀ ਵਿਦਿਆ ਦੇ ਰਹੇ ਭਾਈ ਸਤਨਾਮ ਸਿੰਘ (ਦਮਦਮੀ ਟਕਸਾਲ) ਜੀ ਦੀ ਕਰਵਾਈ ਮਿਹਨਤ ਸਦਕਾ ਭਾਈ ਬੂਟਾ ਸਿੰਘ (ਤਾਊਸ ਵਾਦਕ), ਨਿਸ਼ਾਨ ਸਿੰਘ (ਤਬਲਾ ਵਾਦਕ) ਅਤੇ ਭਾਈ ਗੁਰਮੁੱਖ ਸਿੰਘ (ਰਬਾਬੀ) ਜੀ ਨੇ ਆਪਣੇ ਉਸਤਾਦ ਭਾਈ ਸਤਨਾਮ ਸਿੰਘ ਜੀ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਚੱਲ ਰਹੇ ਸਮਾਗਮਾਂ ਵਿਖੇ ਕੀਰਤਨ ਦੀ ਹਾਜ਼ਰੀ ਲਗਵਾਈ। ਇਸ ਮੌਕੇ ਅਕੈਡਮੀ ਦੇ ਮੁੱਖ ਸੰਚਾਲਕ ਸੰਤ ਬਾਬਾ ਮਲਕੀਤ ਸਿੰਘ ਜੀ ਖਾਲਸਾ ਨੇ ਵਿਦਿਆਰਥੀਆਂ ਨੂੰ ਅਕੈਡਮੀ ਵਿਖੇ ਪੁੱਜਣ 'ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਦੱਸਿਆ ਕਿ ਗੁਰੂ ਸਾਹਿਬ ਜੀ ਬਖ਼ਿਸ਼ਸ਼ ਸਦਕਾ, ਸੰਤ ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਆਸ਼ੀਰਵਾਦ ਨਾਲ ਚੱਲ ਰਹੀ ਸੰਸਥਾ ਅਨੇਕਾਂ ਸੇਵਾਵਾਂ ਨਿਭਾ ਰਹੀ ਹੈ, ਜਿਵੇਂ ਕਿ ਗੁਰਬਾਣੀ ਸੰਥਿਆ, ਤੰਤੀ ਸਾਜਾਂ ਦੀ ਵਿੱਦਿਆ, ਸੰਗੀਤ ਵਿੱਦਿਆ, ਸ਼ਾਸ਼ਤਰ ਵਿੱਦਿਆ (ਗਤਕਾ), ਤੀਰ ਅੰਦਾਜ਼ੀ ਅਤੇ ਦੁਨਿਆਵੀ ਵਿਦਿਆ ਆਦਿ। ਗੁਰਬਾਣੀ ਸੰਥਿਆ ਦੀ ਸੇਵਾ ਭਾਈ ਵੀਰ ਸਿੰਘ ਜੀ (ਮੁੱਛਲ) ਅਤੇ ਭਾਈ ਅਮਰੀਕ ਸਿੰਘ ਜੀ (ਬਾਬਾ ਬਕਾਲਾ ਸਾਹਿਬ) ਨਿਭਾ ਰਹੇ ਹਨ। ਖਾਲਸਾ ਅਕੈਡਮੀ ਵਿਖੇ ਬੱਚਿਆਂ ਦੀ ਦੁਨਿਆਵੀ ਵਿੱਦਿਆ ਦੀ ਸੇਵਾ ਪ੍ਰਿੰਸੀਪਲ ਸੁਰਿੰਦਰਜੀਤ ਸਿੰਘ ਵੱਲੋਂ, ਸੁਪਰਡੈਂਟ ਗੁਰਪਿੰਦਰ ਸਿੰਘ, ਮਾਸਟਰ ਬਲਵਿੰਦਰ ਸਿੰਘ, ਕੀਰਤਨ ਸਿਖਲਾਈ ਭਾਈ ਮਨਦੀਪ ਸਿੰਘ (ਅੰਮ੍ਰਿਤਸਰ) ਅਤੇ ਸਮੂਹ ਅਧਿਆਪਕ ਸਹਿਬਾਨ ਦੇ ਸਹਿਯੋਗ ਸਦਕਾ ਚੱਲ ਰਹੀ ਹੈ। ਇਸ ਤੋਂ ਇਲਾਵਾ ਇਲਾਕੇ ਦੇ ਬੱਚਿਆਂ ਨੂੰ ਨਸ਼ਿਆਂ ਦੇ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕਰਕੇ ਗੁਰਬਾਣੀ ਵੱਲ ਪ੍ਰੇਰਿਤ ਕੀਤਾ ਜਾਂਦਾ ਹੈ। ਗ੍ਰੰਥੀ ਸਿੰਘਾਂ ਅਤੇ ਲੋੜਵੰਦ ਬੱਚਿਆਂ ਨੂੰ ਇਹ ਸਾਰੀਆਂ ਵਿੱਦਿਆ ਫ੍ਰੀ ਦਿੱਤੀਆਂ ਜਾ ਰਹੀਆਂ ਹਨ। ਉਹਨਾਂ ਨੇ ਅਕੈਡਮੀ ਦੇ ਸਾਰੇ ਪਰਿਵਾਰ ਨੂੰ ਵਧਾਈਆਂ ਵੀ ਦਿੱਤੀਆਂ ਅਤੇ ਬੱਚਿਆਂ ਦੀ ਹੌਂਸਲਾ ਹਫਜਾਈ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਅਕੈਡਮੀ ਦੇ ਵਿਦਿਆਰਥੀ ਇਸੇ ਤਰ੍ਹਾਂ ਹੋਰ ਵੀ ਸਮਾਗਮਾਂ ਵਿੱਚ ਕੀਰਤਨ ਦੀਆਂ ਛਹਿਬਰਾਂ ਲਉਂਦੇ ਨਜ਼ਰ ਅਉਣਗੇ। । ਇਸ ਖ਼ੁਸ਼ੀ ਦੇ ਮੌਕੇ ਤੇ ਭਾਈ ਤੇਜਬੀਰ ਸਿੰਘ, ਭਲਾਈਪੁਰ ਕਨੇਡਾ, ਭਾਈ ਸਤਵੰਤ ਸਿੰਘ, ਡਾਕਟਰ ਭਾਈ ਹਰਜੀਤ ਸਿੰਘ, ਭਾਈ ਸੁਖਚੈਨ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਅਰਜਨ ਸਿੰਘ ਅਤੇ ਭਾਈ ਅਮਨਦੀਪ ਸਿੰਘ ਵੀ ਹਾਜ਼ਰ ਸਨ, ਜੋ ਅਕੈਡਮੀ ਦੀਆਂ ਸੇਵਾਵਾਂ ਦੇ ਨਾਲ ਨਾਲ ਹਰ ਮਹੀਨੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਣ ਦੀ ਸੇਵਾ ਵੀ ਨਿਭਾਉਂਦੇ ਹਨ।

> **ਭਾਈ ਸੰਤ ਬਾਬਾ ਮਲਕੀਤ ਸਿੰਘ ਜੀ ਨੇ ਇਸ ਹਾਜ਼ਰੀ ਨੂੰ ਦੱਸਿਆ ਗੁਰੂ ਸਾਹਿਬ ਜੀ ਦੀ ਬਖ਼ਿਸ਼ਸ਼**

### 15 ਸਤੰਬਰ ਨੂੰ ਪੰਜਾਬ ਦੇ ਸਮੂਹ ਸੇਵਾ ਕੇਂਦਰ ਰਹਿਣਗੇ ਮੁਕੰਮਲ ਬੰਦ

# ਮੋਹਾਲੀ 'ਚ ਸੂਬਾ ਪੱਧਰੀ ਧਰਨਾ




ਤਲਵੰਡੀ ਸਾਬੋ, 05 ਸਤੰਬਰ (ਗੁਰਜੰਟ ਸਿੰਘ ਨਥੇਹਾ)- ਪੰਜਾਬ ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਵੱਲੋਂ ਸਰਕਾਰ ਦੀ ਬੇਰੁਖ਼ੀ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਨਾ ਹੋਣ ਦੇ ਰੋਸ ਵਜੋਂ 15 ਸਤੰਬਰ 2026 ਨੂੰ ਪੂਰੇ ਪੰਜਾਬ ਦੇ ਸਾਰੇ ਸੇਵਾ ਕੇਂਦਰ ਮੁਕੰਮਲ ਤੌਰ 'ਤੇ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ। ਇਸ ਦੌਰਾਨ ਯੂਨੀਅਨ ਵੱਲੋਂ ਫੇਸ-10, ਮੋਹਾਲੀ ਸਥਿਤ ਕਿਰਤ ਵਿਭਾਗ ਦੇ ਦਫ਼ਤਰ ਸਾਹਮਣੇ ਸੂਬਾ ਪੱਧਰੀ ਧਰਨਾ ਵੀ ਦਿੱਤਾ ਜਾਵੇਗਾ। ਪੰਜਾਬ ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਮਾਝਾ ਅਤੇ ਜਨਰਲ ਸੈਕਟਰੀ ਗੁਰਸੇਵਕ ਸਿੰਘ ਚਹਿਲ ਨੇ ਮੀਟਿੰਗ ਦੌਰਾਨ ਗਲਬਾਤ ਦੌਰਾਨ ਦੱਸਿਆ ਕਿ ਮੁਲਾਜ਼ਮਾਂ ਦੇ ਮਸਲਿਆਂ ਦੇ ਹੱਲ ਲਈ ਸਰਕਾਰ ਵੱਲੋਂ ਹੁਣ ਤੱਕ ਕੋਈ ਮੀਟਿੰਗ ਨਹੀਂ ਸੱਦੀ ਗਈ, ਜਿਸ ਕਾਰਨ ਸੇਵਾ ਕੇਂਦਰ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਰਕਾਰ ਅਤੇ ਪ੍ਰਸ਼ਾਸਨ ਨੂੰ ਪਹਿਲਾਂ ਹੀ ਲਿਖਤੀ ਤੌਰ 'ਤੇ ਸੂਚਿਤ ਕੀਤਾ ਜਾ ਚੁੱਕਾ ਹੈ। ਯੂਨੀਅਨ ਅਨੁਸਾਰ 15 ਸਤੰਬਰ ਨੂੰ ਸਾਰੇ ਸੇਵਾ ਕੇਂਦਰਾਂ ਨੂੰ ਬੰਦ ਰੱਖ ਕੇ ਸਮੂਹ ਮੁਲਾਜ਼ਮ ਮੋਹਾਲੀ ਪਹੁੰਚਣਗੇ ਅਤੇ ਕਿਰਤ ਵਿਭਾਗ ਦੇ ਸਾਹਮਣੇ ਧਰਨਾ ਦੇ ਕੇ ਕਥਿਤ ਧੱਕੇਸ਼ਾਹੀ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਨਗੇ। ਧਰਨੇ ਦੌਰਾਨ ਸੰਘਰਸ਼ ਦੀ ਅਗਲੀ ਰਣਨੀਤੀ ਵੀ ਤੈਅ ਕੀਤੀ ਜਾਵੇਗੀ। ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਦਾ ਜਲਦ ਨਿਪਟਾਰਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਤੋਂ ਵੀ ਤਿੱਖੇ ਸੰਘਰਸ਼ੀ ਕਦਮ ਚੁੱਕੇ ਜਾਣਗੇ, ਜਿਸ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

### 400 ਮੀਟਰ ਹਰਲਡਜ ਵਿਚ

# ਰਮਦੀਪ ਸਿੰਘ ਨੇ ਬਣਾਇਆ ਨਵਾਂ ਨੈਸ਼ਨਲ ਰਿਕਾਰਡ



ਫ਼ਿਰੋਜ਼ਪੁਰ, 05 ਸਤੰਬਰ (ਮਨੋਹਰ ਲਾਲ) :— ਜਿਥੇ ਇਕ ਪਾਸੇ ਪੰਜਾਬ ਨੂੰ ਨਸ਼ਿਆਂ ਕਰਕੇ ਬਦਨਾਮ ਕਰਨ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਦੂਜੇ ਪਾਸੇ ਗੇਮਾਂ ਵਿਚ ਵੀ ਕਿਸੇ ਪਾਸੇ ਤੋਂ ਘੱਟ ਨਹੀਂ ਹਨ, ਪੰਜਾਬ ਦੇ ਨੌਜਵਾਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਹਿੰਮਤ ਸਿੰਘ ਖਾਲਸਾ ਨੇ ਸਾਂਝੇ ਕਰਦਿਆਂ ਕਿਹਾ ਕਿ ਪੰਜਾਬ ਦੀ ਨੌਜਵਾਨੀ ਉਲੰਪਿਕ ਵਿਚ ਜਾਣ ਦੀ ਹਿੰਮਤ ਰੱਖਦੇ ਹਨ, ਪਿੰਡ ਸ਼ਕੂਰ ਦਾ ਰਮਦੀਪ ਸਿੰਘ ਅੰਡਰ 19 ਪੁੱਤਰ ਸੂਬਾ ਸਿੰਘ ਨੇ ਕਰਨਾਟਕਾ ਵਿਚ ਹੋਈਆਂ ਗੇਮਾਂ ਜਿਸ ਵਿਚ 400 ਮੀਟਰ ਹਰਲਡ ਵਿਚ ਰਮਦੀਪ ਸਿੰਘ ਨੇ ਨਵਾਂ ਵਿਸ਼ਵ ਰਿਕਾਰਡ ਬਣਾ ਕੇ ਆਪਣੇ ਸਕੂਲ ਜੋਗਿੰਦਰਾ ਕਾਨਵੈਂਟ ਸਕੂਲ ਵਧਨੀ ਪਿੰਡ ਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ। ਰਮਦੀਪ ਸਿੰਘ ਨੇ ਇਹ ਰੇਸ 56.10 ਸਕਿੰਟ ਵਿਚ ਪੂਰੀ ਕਰਕੇ ਗੋਲਡ ਮੈਡਲ ਜਿੱਤ ਕੇ ਇਲਾਕੇ ਦਾ ਨਾਮ ਰੋਸ਼ਨ ਕੀਤਾ, ਇਸ ਤੋਂ ਪਹਿਲਾਂ 57.30 ਸਕਿੰਟ ਦਾ ਰਿਕਾਰਡ ਸੀ, ਪਰ ਰਮਦੀਪ ਸਿੰਘ ਆਪਣੀ ਹਿੰਮਤ ਨਾਲ ਨੈਸ਼ਨਲ ਰਿਕਾਰਡ ਬਣਾਇਆ, ਜਿਸ ਦੀ ਹਰ ਪਾਸੇ ਪ੍ਰਸ਼ੰਸਾ ਹੋ ਰਹੀ ਹੈ। ਇਸ ਤੋਂ ਪਹਿਲਾਂ ਵੀ ਰਮਦੀਪ ਸਿੰਘ ਤੇ ਇਸ ਦੀ ਵੱਡੀ ਭੈਣ ਦੋਨੋਂ ਹੀ ਨੈਸ਼ਨਲ ਰਿਕਾਰਡ ਬਣਾ ਚੁੱਕੇ ਹਨ। ਇਸ ਮੌਕੇ ਰਮਦੀਪ ਸਿੰਘ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।

# ਲੋਕ ਸੇਵਾ ਨੂੰ ਸਮਰਪਿਤ ਡਾ: ਭਗਤ ਸਿੰਘ ਤੇ ਸਟਾਫ ਨੂੰ ਸਿੱਖ ਜਥੇਬੰਦੀਆਂ ਨੇ ਕੀਤਾ ਸਨਮਾਨਿਤ




**ਫ਼ਿਰੋਜ਼ਪੁਰ, 05 ਸਤੰਬਰ (ਮਨੋਹਰ ਲਾਲ)** :— ਧੰਨ—ਧੰਨ ਸ੍ਰੀ ਗੁਰੂ ਸਾਹਿਬ ਸਤਿਕਾਰ ਪ੍ਰਚਾਰ ਕਮੇਟੀ ਪੰਜਾਬ ਵੱਲੋਂ ਅੱਜ ਪਿੰਡ ਆਰਿਫਕੇ ਸਰਕਾਰੀ ਹਸਪਤਾਲ ਵਿਚ ਸੇਵਾਵਾਂ ਨਿਭਾਅ ਰਹੇ ਸਟਾਫ ਦਾ ਕੀਤਾ ਸਨਮਾਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਅੱਜ ਪਿੰਡ ਆਰਿਫ ਕੇ ਸਰਕਾਰੀ ਹਸਪਤਾਲ ਵਿਚ ਸੇਵਾ ਨਿਭਾਅ ਰਹੇ ਡਾ: ਭਗਤ ਸਿੰਘ ਅਤੇ ਸਾਰੇ ਸਟਾਫ ਮੈਂਬਰਾਂ ਦਾ ਸਿੱਖ ਜਥੇਬੰਦੀਆਂ ਵੱਲੋਂ ਸਨਮਾਨ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿਚ ਡਾ: ਭਗਤ ਸਿੰਘ ਤੇ ਸਟਾਫ ਨੂੰ ਸਿਰੋਪਾਓ ਅਤੇ ਭਾਈ ਘਨਈਆ ਜੀ ਦੀ ਤਸਵੀਰ ਦਿਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ, ਬਾਬਾ ਪ੍ਰਤਾਪ ਸਿੰਘ ਜੀ ਝਾੜ ਸਾਹਿਬ, ਸ਼ਹੀਦ ਭਾਈ ਰਸਾਲ ਸਿੰਘ ਜੀ ਆਰਿਫਕੇ ਦੇ ਪੁੱਤਰ ਨਿਰਮਲ ਸਿੰਘ, ਬਾਬਾ ਬਲਕਾਰ ਸਿੰਘ ਇਲਮੇਵਾਲਾ, ਸਰਪੰਚ ਸੁਖਦੇਵ ਸਿੰਘ ਮਹਾਲਮ, ਸਾਬਕਾ ਸਰਪੰਚ ਸੁਰਜੀਤ ਸਿੰਘ, ਸੁਖਪਾਲ ਸਿੰਘ ਮਹਾਲਮ, ਸਰਪੰਚ ਮੇਜਰ ਸਿੰਘ ਬੰਡਾਲਾ, ਰਾਕੇਸ਼ ਕੁਮਾਰ ਆਰਿਫਕੇ, ਬਾਬਾ ਕਾਲਾ ਸਿੰਘ, ਕੈਪਨ ਸਿੰਘ ਆਰਿਫਕੇ, ਰਣਜੀਤ ਸਿੰਘ, ਅਮਰਜੀਤ ਸਿੰਘ ਮੈਂਬਰ, ਬਾਬਾ ਨਰਾਇਣ, ਸ਼ਿੰਦਰ ਸਿੰਘ, ਸੁਖਚੈਣ ਸਿੰਘ ਮੈਂਬਰ, ਫਾਰਮਾਸਿਸਟ ਜਗਸੀਰ ਸਿੰਘ, ਕਲੀਨਿਕਲ ਅਸਿਸਟੈਂਟ ਕੰਵਲਜੀਤ ਕੌਰ ਹਾਜ਼ਰ ਸਨ। ਇਸ ਮੌਕੇ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਭਾਈ ਲਖਬੀਰ ਸਿੰਘ ਮਹਾਲਮ ਜੋ ਸਮਾਜ ਦੀ ਭਲਾਈ ਲਈ ਕਾਰਜ ਕਰ ਰਹੇ ਹਨ ਕੌਮ ਉਸਦਾ ਸਨਮਾਨ ਕਰੇਗੀ।

# ਗਰਾਮਰ ਸੀਨੀਅਰ ਸੈਕੰਡਰੀ ਸਕੂਲ ਵਿੱਚ ਅਧਿਆਪਕ ਦਿਵਸ ਮਨਾਇਆ

### ਅਧਿਆਪਕ ਵਿਦਿਆਰਥੀਆਂ ਦੇ ਭਵਿੱਖ ਦੇ ਨਿਰਮਾਤਾ ਤੇ ਸਮਾਜ ਦੀ ਤਰੱਕੀ ਦੇ ਮਾਰਗ ਦਰਸ਼ਕ—ਹਰਚਰਨ ਸਿੰਘ ਸਾਮਾ



**ਫ਼ਿਰੋਜ਼ਪੁਰ, 05 ਸਤੰਬਰ (ਮਨੋਹਰ ਲਾਲ)** :— ਗਰਾਮਰ ਸੀਨੀਅਰ ਸੈਕੰਡਰੀ ਸਕੂਲ ਵਿੱਚ ਅਧਿਆਪਕ ਦਿਵਸ ਸਮਾਗਮ ਬੜੇ ਉਤਸ਼ਾਹ, ਸਤਿਕਾਰ ਅਤੇ ਉਤਸਵੀ ਮਾਹੌਲ ਵਿੱਚ ਕਰਵਾਇਆ ਗਿਆ। ਸਮਾਗਮ ਦੌਰਾਨ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਗਿਆਨ, ਸ਼ਖ਼ਸੀਅਤ ਅਤੇ ਚਰਿੱਤਰ ਨਿਰਮਾਣ ਲਈ ਨਿਭਾਈ ਜਾ ਰਹੀ ਭੂਮਿਕਾ ਨੂੰ ਵਿਸ਼ੇਸ਼ ਤੌਰ 'ਤੇ ਉਜਾਗਰ ਕੀਤਾ ਗਿਆ। ਵਿਦਿਆਰਥਣਾਂ ਵੱਲੋਂ ਆਪਣੇ ਅਧਿਆਪਕਾਂ ਪ੍ਰਤੀ ਸਤਿਕਾਰ ਅਤੇ ਪਿਆਰ ਦਾ ਪ੍ਰਗਟਾਵਾ ਕਰਦਿਆਂ ਇਸ ਦਿਨ ਨੂੰ ਯਾਦਗਾਰ ਬਣਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਬੰਧਕ ਹਰਚਰਨ ਸਿੰਘ ਸਾਮਾ ਨੇ ਸਮੂਹ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਅਧਿਆਪਕ ਸਿਰਫ਼ ਗਿਆਨ ਦੇਣ ਵਾਲਾ ਵਿਅਕਤੀ ਨਹੀਂ, ਬਲਕਿ ਵਿਦਿਆਰਥੀ ਦੇ ਜੀਵਨ ਨੂੰ ਸਹੀ ਦਿਸ਼ਾ ਦੇਣ ਵਾਲਾ ਮਾਰਗਦਰਸ਼ਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਅਤੇ ਸਮਾਜ ਦੀ ਤਰੱਕੀ ਦੀ ਨੀਂਹ ਉਸ ਦੀ ਸਿੱਖਿਆ ਪ੍ਰਣਾਲੀ 'ਤੇ ਟਿਕੀ ਹੁੰਦੀ ਹੈ ਅਤੇ ਇਸ ਪ੍ਰਣਾਲੀ ਦੀ ਸਭ ਤੋਂ ਅਹਿਮ ਕੜੀ ਅਧਿਆਪਕ ਹੈ। ਇੱਕ ਚੰਗਾ ਅਧਿਆਪਕ ਵਿਦਿਆਰਥੀਆਂ ਅੰਦਰ ਮੌਜੂਦ ਪ੍ਰਤਿਭਾ ਨੂੰ ਪਛਾਣ ਕੇ ਉਸ ਨੂੰ ਨਿਖਾਰਦਾ ਹੈ ਅਤੇ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦਾ ਹੈ। ਸਕੂਲ ਪ੍ਰਿੰਸੀਪਲ ਮੈਡਮ ਸੋਨੀਆ ਰਾਣਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ ਦਾ ਸਥਾਨ ਹਮੇਸ਼ਾ ਸਤਿਕਾਰਯੋਗ ਰਿਹਾ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਆਪਣੇ ਗਿਆਨ ਅਤੇ ਤਜਰਬੇ ਰਾਹੀਂ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਦੇ ਨਾਲ—ਨਾਲ ਉਨ੍ਹਾਂ ਵਿੱਚ ਅਨੁਸ਼ਾਸਨ, ਨੈਤਿਕ ਕਦਰਾਂ—ਕੀਮਤਾਂ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੇ ਹਨ। ਉਨ੍ਹਾਂ ਅਧਿਆਪਕਾਂ ਨੂੰ ਸਮੇਂ ਦੀਆਂ ਬਦਲਦੀਆਂ ਲੋੜਾਂ ਅਨੁਸਾਰ ਆਪਣੇ ਆਪ ਨੂੰ ਅਪਡੇਟ ਕਰਦੇ ਰਹਿਣ ਅਤੇ ਵਿਦਿਆਰਥੀਆਂ ਦੀ ਬਿਹਤਰ ਸਿੱਖਿਆ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਹਰ ਪ੍ਰਾਪਤੀ ਪਿੱਛੇ ਉਨ੍ਹਾਂ ਦੇ ਮਾਪਿਆਂ ਦੇ ਨਾਲ—ਨਾਲ ਅਧਿਆਪਕਾਂ ਦੀ ਮਿਹਨਤ ਅਤੇ ਮਾਰਗ ਦਰਸ਼ਨ ਦਾ ਵੀ ਵੱਡਾ ਯੋਗਦਾਨ ਹੁੰਦਾ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਮੈਡਮ ਇੰਦੂ ਸ਼ਰਮਾ, ਮੈਡਮ ਸ਼ਾਲੂ ਪ੍ਰਭਾਕਰ, ਮੈਡਮ ਸੰਗੀਤਾ, ਮੈਡਮ ਜੋਤੀ, ਹਿਮਾਂਸ਼ੂ ਸ਼ਰਮਾ ਸਮੇਤ ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥਣਾਂ ਹਾਜ਼ਰ ਸਨ। ਸਮਾਗਮ ਨੇ ਅਧਿਆਪਕਾਂ ਅਤੇ ਵਿਦਿਆਰਥਣਾਂ ਵਿਚਕਾਰ ਸਤਿਕਾਰ, ਸਨੇਹ ਅਤੇ ਆਪਸੀ ਵਿਸ਼ਵਾਸ ਦੇ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਪੁਲਿਸ ਵੱਲੋਂ ਕੀਤਾ ਕਥਿਤ ਤਸ਼ੱਦਦ ਤੇ ਸਿੱਖੀ ਕਕਾਰਾਂ ਦੀ ਬੇਅਦਬੀ

# ਸਿੱਖ ਸੰਗਤਾਂ ਬਰਦਾਸ਼ਤ ਨਹੀਂ ਕਰਨਗੀਆਂ : ਜੱਥੇ. ਅਮਰੀਕ ਸਿੰਘ



**ਫਿਰੋਜ਼ਪੁਰ, 5 ਸਤੰਬਰ (ਮਨੋਹਰ ਲਾਲ)**-ਸਿੱਖ ਕੌਮ ਦੀ ਚੜ੍ਹਦੀਕਲਾ ਤੇ ਸਿੱਖਾਂ ਦੇ ਹੱਕਾਂ ਲਈ ਲਗਾਤਾਰ ਆਪਣੀ ਆਵਾਜ਼ ਬੁਲੰਦ ਕਰਨ ਵਾਲੀ ਜੱਥੇਬੰਦੀ ਪੰਚ ਪ੍ਰਧਾਨੀ ਦੇ ਪ੍ਰਮੁੱਖ ਅਗੂਆਂ ਜੱਥੇਦਾਰ ਅਮਰੀਕ ਸਿੰਘ, ਜੱਥੇ.ਬਲਕਾਰ ਸਿੰਘ ਤੇ ਜੱਥੇ.ਪਿੱਪਲ ਸਿੰਘ ਨੇ ਸਾਂਝੇ ਤੌਰ ਤੇ ਬੀਤੇ ਦਿਨੀ ਸ਼ੇਰੋ ਪਿੰਡ ਦੇ ਅੰਮ੍ਰਿਤਧਾਰੀ ਸਿੱਖ ਨੌਜਵਾਨ ਮੋਹਨਜੀਤ ਸਿੰਘ ਨਾਲ ਪੁਲਿਸ ਵੱਲੋਂ ਕੀਤੇ ਗਏ ਕਥਿਤ ਅਣਮਨੁੱਖੀ ਤਸ਼ੱਦਦ ਅਤੇ ਸਿੱਖੀ ਕਕਾਰਾਂ ਦੀ ਕੀਤੀ ਗਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਹੋਇਆ ਉਕਤ ਅਣ ਮਨੁੱਖੀ ਤੇ ਗੈਰ ਇਖਲਾਕੀ ਕਾਰਵਾਈ ਦੀ ਤੁਲਨਾ ਜ਼ਕਰਿਆਂ ਖਾਨ ਦੇ ਜ਼ੁਲਮ ਨਾਲ ਕੀਤੀ ਹੈ।ਇਸ ਸਬੰਧੀ ਆਪਣੇ ਗੁੱਸੇ ਦਾ ਪ੍ਰਗਟਾਵਾ ਕਰਦਿਆਂ ਹੋਇਆ ਜੱਥੇ. ਅਮਰੀਕ ਸਿੰਘ ਨੇ ਕਿਹਾ ਕਿ ਸੱਤਾ ਦੇ ਨਸ਼ੇ ਵਿੱਚ ਚੂਰ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇਸ਼ਾਰੇ ਉਪਰ ਬਿਨਾਂ ਕਿਸੇ ਕਸੂਰ ਦੇ ਪੁਲਿਸ ਵੱਲੋਂ ਅੰਮ੍ਰਿਤਧਾਰੀ ਸਿੱਖ ਨੌਜਵਾਨ ਨਾਲ ਕੀਤੀ ਗਈ ਧੱਕੇਸ਼ਾਹੀ ਸਿੱਧੇ ਤੌਰ 'ਤੇ ਮਨੁੱਖੀ ਅਧਿਕਾਰਾਂ ਦਾ ਘਾਣਾ ਹੈ। ਜਿਸਨੂੰ ਸਿੱਖ ਸੰਗਤਾਂ ਕਦਾਚਿੱਤ ਵੀ ਬਰਦਾਸ਼ਤ ਕਰਨਗੀਆਂ। ਉਨ੍ਹਾਂ ਨੇ ਕਿਹਾ ਕਿ ਕਿ ਪੁਲਿਸ ਨੂੰ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਆਪਣਾ ਕੰਮ ਕਰਨਾ ਚਾਹੀਦਾ ਹੈ ਜਦ ਕਿ ਪੰਜਾਬ ਪੁਲਿਸ ਲੋਕਾਂ ਦੇ ਨਾਲ ਇਨਸਾਫ ਕਰਨ ਦੀ ਬਜਾਏ ਮੁੱਖ ਮੰਤਰੀ ਭਗਲਵੰਤ ਮਾਨ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦੇ ਵਿੱਚ ਸਰਕਾਰਾਂ ਅਤੇ ਸਰਕਾਰਾਂ ਦੇ ਨੁਮਾਇੰਦਿਆਂ ਦਾ ਵਿਰੋਧ ਕਰਨਾ ਸੂਬੇ ਦੇ ਨਾਗਰਿਕਾਂ ਦਾ ਅਧਿਕਾਰ ਹੁੰਦਾ ਹੈ ਪਰ ਮਾਨ ਸਰਕਾਰ ਵੱਲੋਂ ਐਸੀਆਂ ਕਾਰਵਾਈਆਂ ਦੇ ਨਾਲ ਜਿੱਥੇ ਲੋਕਤੰਤਰ ਦੀ ਹੱਤਿਆ ਕੀਤੀ ਜਾ ਰਹੀ ਹੈ ਉਥੇ ਹੀ ਸਿੱਖ ਨੌਜਵਾਨਾਂ ਨੂੰ ਟਾਰਗੇਟ ਕਰਨਾ ਹੋਰ ਵੀ ਜਿਆਦਾ ਸ਼ਰਮਨਾਕ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਪਹਿਲਾ ਮਾਮਲਾ ਨਹੀਂ ਇਸ ਤੋਂ ਪਹਿਲਾਂ ਵੀ ਪੁਲਿਸ ਪ੍ਰਸ਼ਾਸਨ ਦੇ ਵੱਲੋਂ ਬੇਕਸੂਰ ਸਿੱਖ ਨੌਜਵਾਨਾ ਦੇ ਉਪਰ ਅਣਮਨੁੱਖੀ ਤਸ਼ੱਦਦ ਅਮਲ ਵਿੱਚ ਲਿਆਂਦਾ ਗਿਆ ਹੈ। ਜੱਥੇਦਾਰ ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਬਦਲਾਅ ਅਤੇ ਲੋਕਾਂ ਨੂੰ ਇਨਸਾਫ਼ ਦੇਣ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੁਣ ਆਪਣੇ ਹੀ ਦਾਅਵਿਆਂ ਦਾ ਜਵਾਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ, ਜਦਕਿ ਪੰਜਾਬ ਪੁਲਿਸ ਲੋਕਾਂ ਦੇ ਨਾਲ ਇਨਸਾਫ ਕਰਨ ਦੀ ਬਜਾਏ ਮੁੱਖ ਮੰਤਰੀ ਮਾਨ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦੇ ਵਿੱਚ ਸਰਕਾਰਾਂ ਅਤੇ ਸਰਕਾਰਾਂ ਦੇ ਨੁਮਾਇੰਦਿਆਂ ਦਾ ਵਿਰੋਧ ਕਰਨਾ ਸੂਬੇ ਦੇ ਨਾਗਰਿਕਾਂ ਦਾ ਅਧਿਕਾਰ ਹੁੰਦਾ ਹੈ, ਪ੍ਰੰਤੂ ਮਾਨ ਸਰਕਾਰ ਵੱਲੋਂ ਐਸੀਆਂ ਕਾਰਵਾਈਆਂ ਦੇ ਨਾਲ ਜਿੱਥੇ ਲੋਕਤੰਤਰ ਦੀ ਹੱਤਿਆ ਕੀਤੀ ਜਾ ਰਹੀ ਹੈ, ਉੱਥੇ ਹੀ ਸਿੱਖ ਨੌਜਵਾਨਾਂ ਨੂੰ ਟਾਰਗੇਟ ਕਰਨਾ ਹੋਰ ਵੀ ਜਿਆਦਾ ਸ਼ਰਮਨਾਕ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਪਹਿਲਾ ਮਾਮਲਾ ਨਹੀਂ ਇਸ ਤੋਂ ਪਹਿਲਾਂ ਵੀ ਪੁਲਿਸ ਪ੍ਰਸ਼ਾਸਨ ਦੇ ਵੱਲੋਂ ਬੇਕਸੂਰ ਸਿੱਖ ਨੌਜਵਾਨਾ ਦੇ ਉੱਪਰ ਅਣਮਨੁੱਖੀ ਤਸ਼ੱਦਦ ਅਮਲ ਵਿੱਚ ਲਿਆਂਦਾ ਗਿਆ ਹੈ। ਇਸ ਦੌਰਾਨ ਪੰਚ ਪ੍ਰਧਾਨੀ ਦੇ ਪ੍ਰਮੁੱਖ ਅਗੂਆਂ ਜੱਥੇਦਾਰ ਅਮਰੀਕ ਸਿੰਘ, ਜੱਥੇ.ਬਲਕਾਰ ਸਿੰਘ ਤੇ ਜੱਥੇ.ਪਿੱਪਲ ਸਿੰਘ ਨੇ ਕਿਹਾ ਕਿ ਸਾਡੀ ਜੱਥੇਬੰਦੀ ਸਿੱਖਾਂ ਦੇ ਹੱਕਾਂ ਦੀ ਰਾਖੀ ਕਰਨ, ਧਾਰਮਿਕ ਆਜ਼ਾਦੀ ਅਤੇ ਇਨਸਾਫ਼ ਲਈ ਹਰ ਪੱਧਰ 'ਤੇ ਆਪਣੀ ਆਵਾਜ਼ ਬੁਲੰਦ ਕਰਦੀ ਆਈ ਹੈ ਅਤੇ ਅੱਗੇ ਵੀ ਕਰਦੀ ਰਹੇਗੀ। ਉਨ੍ਹਾਂ ਨੇ ਭਗਵੰਤ ਮਾਨ ਦੀ ਸਰਕਾਰ ਤੇ ਪੁਲਿਸ ਅਧਿਕਾਰਰੀਆਂ ਨੂੰ ਤਾੜਨਾ ਕਰਦਿਆਂ ਹੋਇਆ ਕਿਹਾ ਕਿ ਉਹ ਸਿੱਖ ਨੌਜਵਾਨਾਂ ਨਾਲ ਅਜਿਹੀਆਂ ਅਣਮਨੁੱਖੀ ਤਸ਼ੱਦਦ ਦੀਆਂ ਕਾਰਵਾਈਆਂ ਕਰਨੀਆਂ ਬੰਦ ਕਰ ਦੇਣ ਨਹੀਂ ਸਮੁੱਚੀ ਸਿੱਖ ਕੌਮ ਆਪਣੇ ਸਿੱਖੀ ਸਿਧਾਤਾਂ ਤੇ ਕਕਾਰਾਂ ਦੀ ਰਾਖੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਹੈ। ਸਮੂਹ ਆਗੂਆਂ ਨੇ ਕਿਹਾ ਕਿ ਸੱਤਾ ਦੇ ਜ਼ੋਰ 'ਤੇ ਸਿੱਖਾਂ ਤੇ ਪੰਜਾਬੀਆਂ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ ਅਤੇ ਪੰਜਾਬ ਦੇ ਲੋਕ ਹਰ ਧੱਕੇਸ਼ਾਹੀ ਦਾ ਜਵਾਬ ਲੋਕਤੰਤਰੀ ਢੰਗ ਨਾਲ ਦੇਣ ਲਈ ਤਿਆਰ ਬੈਠੇ ਹਨ।

**ਮਾਮਲਾ ਪੁਲਿਸ ਵੱਲੋ ਸ਼ੇਰੋ ਪਿੰਡ ਦੇ ਅੰਮ੍ਰਿਤਧਾਰੀ ਸਿੱਖ ਨੌਜਵਾਨ ਮੋਹਨਜੀਤ ਸਿੰਘ ਦੇ ਕਕਾਰਾਂ ਦੀ ਬੇਅਦਬੀ ਕਰਨ ਤੇ ਤਸ਼ੱਦਦ ਢਾਹੁਣ ਦਾ**

# ਟੀ ਸੀ ਐਸ ਏ ਪ੍ਰਧਾਨ ਰਜਿੰਦਰ ਕੌਰ ਸਹਿਦੇਵ ਨੇ ਮਨਾਇਆ ਜਨਮ ਦਿਨ



**ਚੌਕ ਮਹਿਤਾ, 5 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਤੇਰਾ ਹੀ ਤੇਰਾ ਮੈਡੀਕੋਜ਼ ,ਸੈਕਟਰ 32 ,ਚੰਡੀਗੜ੍ਹ ਵਿਖੇ ਸ੍ਰੀਮਤੀ ਰਜਿੰਦਰ ਕੌਰ ਜੀ ਸਹਦੇਵ ਪ੍ਰਧਾਨ, ਟੀ ਸੀ ਐਸ ਏ ਆਪਣਾ ਜਨਮ ਦਿਨ ਮਨਾਉਣ ਲਈ ਆਏ ਅਤੇ ਇਸ ਦੇ ਨਾਲ ਹੀ ਸ੍ਰੀਮਤੀ ਪ੍ਰਤਿਪਾਲ ਕੌਰ ਜੀ ,ਜੋ ਲਾਇਨਜ਼ ਕਲੱਬ ਦੇ ਆਫਿਸ ਬੀਅਰਰ ਹਨ ,ਨੇ ਵੀ ਸ਼ਿਰਕਤ ਕੀਤੀ ।ਸ.ਸਤਨਾਮ ਸਿੰਘ ਜੀ ਨਾਮੀ ਜੋ ਕਿ ਨੈਸ਼ਨਲ ,ਬੇਕਰ,ਸੈਕਟਰ-19,ਚੰਡੀਗੜ੍ਹ ਦੇ ਮਾਲਕ ਵੀ ਹਨ ਅਤੇ ਜਿਨ੍ਹਾਂ ਨੂੰ ਅਕਾਲ ਪੁਰਖ ਨੇ ਕੱਲ ਪੋਤਰੇ ਦੀ ਦਾਤ ਬਖਸ਼ੀ ਹੈ,ਉਹ ਵੀ ਆਪਣੀ ਖੁਸ਼ੀਆ ਵੰਡਣ ਲਈ ਪਧਾਰੇ ਸ਼੍ਰੀਮਤੀ ਰਜਿੰਦਰ ਕੌਰ ਜੀ ਸਹਦੇਵ ਪ੍ਰਧਾਨ, ਸ਼੍ਰੀਮਤੀ ਪ੍ਰਤਿਪਾਲ ਕੌਰ ਜੀ ਅਤੇ ਸ.ਸਤਿਨਾਮ ਸਿੰਘ ਨਾਮੀ ਜੀ ਦਾ ਨਿੱਘਾ ਸਤਿਕਾਰ ਸ.ਡੀ ਪੀ ਸਿੰਘ ਸਾਬਕਾ ਸੀ ਈ ਓ ਸ੍ਰੀ ਹਜ਼ੂਰ ਸਾਹਿਬ ਨਾਂਦੇੜ,ਸਾਬਕਾ ਸੀ ਈ ਓ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,ਸਾਬਕਾ ਡੀ ਜੀ ਐਮ ਪੰਜਾਬ ਐਂਡ ਸਿੰਧ ਬੈਂਕ, ਫਾਉਂਡਰ ਮੈਂਬਰ ਅਤੇ ਸਲਾਹਕਾਰ ਅਤੇ ਸਾਬਕਾ ਪ੍ਰਧਾਨ ਜੀ ਪੀ ਐੱਸ ਐੱਸ, ਬ੍ਰਾਂਚ ਇੰਚਾਰਜ ਤੇਰਾ ਹੀ ਤੇਰਾ ਮੈਡੀਕੋਜ਼ ਚੰਡੀਗੜ੍ਹ ਤੇਰਾ ਹੀ ਤੇਰਾ ਮਿਸ਼ਨ ਵੱਲੋਂ ਕੀਤਾ ਗਿਆ, ਜਿਸ ਵਿੱਚ ਸ਼੍ਰੀ ਸਤਪਾਲ ਕੋਹਲੀ ,ਸ.ਅਮਰਇੰਦਰ ਸਿੰਘ,ਸੀਨੀਅਰ ਫਾਰਮਾਸਿਸਟ,ਸ.ਇੰਦਰਜੀਤ ਸਿੰਘ,ਸ਼੍ਰੀ ਬੰਟੀ ਜੋਹਰ ਅਤੇ ਸ੍ਰੀਮਤੀ ਪੂਨਮ ਸ਼ਰਮਾ ਨੇ ਵੀ ਸ਼ਿਰਕਤ ਕੀਤੀ ਇਸ ਮੌਕੇ ਸ. ਡੀਪੀ ਸਿੰਘ ਜੀ ਨੇ ਇਹਨਾਂ ਸਭ ਨੂੰ ਆਪਣੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ।

# ਰੋਟਰੀ ਕਲੱਬ ਫ਼ਿਰੋਜ਼ਪੁਰ ਨੇ ਸਾਈ ਪਬਲਿਕ ਸਕੂਲ ਵਿਚ ਕਰਵਾਇਆ ਵਿਸ਼ੇਸ਼ ਸਮਾਗਮ



**ਫ਼ਿਰੋਜ਼ਪੁਰ, 05 ਸਤੰਬਰ (ਮਨੋਹਰ ਲਾਲ) :**— ਮਹਾਨ ਭਾਰਤ ਰਤਨ ਡਾਕਟਰ ਸਰਬਪੱਲੀ ਰਾਧਾ ਕ੍ਰਿਸ਼ਨਨ ਜੀ ਦੇ ਜਨਮ ਦਿਨ ਨੂੰ ਸਮਰਪਿਤ 5 ਸਤੰਬਰ ਨੂੰ ਪੂਰੇ ਭਾਰਤ ਵਿੱਚ ਅਧਿਆਪਕ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ ਜਿਸ ਤਹਿਤ ਅੱਜ ਕੌਮਾਂਤਰੀ ਪੱਧਰ ਦੀ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਫਿਰੋਜਪੁਰ ਸਿਟੀ ਵੱਲੋਂ ਇਹ ਦਿਵਸ ਸਥਾਨਕ ਸਾਈ ਪਬਲਿਕ ਸਕੂਲ ਵਿਖੇ ਮਨਾਇਆ ਗਿਆ ਜਿਥੇ ਜ਼ਿਲ੍ਹਾ ਸਿੱਖਿਆ ਅਫਸਰ ਸ਼੍ਰੀਮਤੀ ਮਨੀਲਾ ਅਰੋੜਾ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ ਅਤੇ ਜ਼ਿਲਾ ਸਿੱਖਿਆ ਦਫਤਰ ਦੇ ਸੀਨੀਅਰ ਅਸਿਸਟੈਂਟ ਅਮਨ ਸ਼ਰਮਾ ਵੀ ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ।ਰੋਟਰੀ ਕਲੱਬ ਫਿਰੋਜਪੁਰ ਸਿਟੀ ਦੇ ਚੇਅਰਮੈਨ ਵਿਜੇ ਮੌਂਗਾ, ਪ੍ਰਧਾਨ ਵਿਜੇ ਧਵਨ, ਸੈਕਟਰੀ ਸੋਹਣ ਲਾਲ ਖੱਤਰੀ ਅਤੇ ਸਾਈ ਪਬਲਿਕ ਸਕੂਲ ਦੇ ਪ੍ਰਿੰਸੀਪਲ ਸੁਨੀਰ ਮੌਂਗਾ ਦੁਵਾਰਾਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਰੋਟਰੀ ਇੰਟਰਨੈਸ਼ਨਲ ਦੁਆਰਾ ਰੋਟਰੀ ਜਿਲਾ 3090 ਦੇ ਗਵਰਨਰ ਰੋਟੀਰੀਅਨ ਅਮਿਤ ਸਿੰਘਲਾ ਦੁਆਰਾ ਭੇਜੇ ਗਏ ਨੈਸ਼ਨਲ ਬਿਲਡਰ ਅਵਾਰਡ ਦੁਆਰਾ ਸਕੂਲ ਦੀਆਂ ਸਮੂਹ ਟੀਚਰਾਂ ਨੂੰ ਜ਼ਿਲਾ ਸਿੱਖਿਆ ਅਫਸਰ ਮਨੀਲਾ ਅਰੋੜਾ ਦੁਆਰਾ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਮਨੀਲਾ ਅਰੋੜਾ ਨੇ ਜਿੱਥੇ ਸਮੂਹ ਟੀਚਰਾਂ ਨੂੰ ਅੱਜ ਦੇ ਇਸ ਅਧਿਆਪਕ ਦਿਵਸ ਦੀ ਵਧਾਈ ਦਿੱਤੀ ਉਥੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਅਧਿਆਪਕ ਸਮਾਜ ਦਾ ਇੱਕ ਉਹ ਹਿੱਸਾ ਹਨ ਜੋ ਆਉਣ ਵਾਲੇ ਭਵਿੱਖ ਦੀ ਸਿਰਜਣਾ ਕਰਦੇ ਹਨ ਇਸ ਲਈ ਆਪਣੇ ਇਸ ਕਿੱਤੇ ਨੂੰ ਪੂਰੀ ਤਰਾ ਇਮਾਨਦਾਰੀ ਨਾਲ ਨਿਭਾਉਣ ਦਾ ਯਤਨ ਕਰਨ। ਇਸ ਮੌਕੇ ਰੋਟਰੀ ਕਲੱਬ ਫਿਰੋਜਪੁਰ ਸਿਟੀ ਦੇ ਕੈਸ਼ੀਅਰ ਪ੍ਰੇਮ ਧਵਨ ਤੋਂ ਇਲਾਵਾ ਸੁਰਿੰਦਰ ਨਾਰੰਗ, ਰਕੇਸ਼ ਮੰਨਚਦਾ, ਪ੍ਰਮੋਦ ਕਪੂਰ, ਅਸ਼ੋਕ ਪਸਰੀਚਾ, ਓਮ ਪ੍ਰਕਾਸ਼ ਨਿੱਕਾ ਦੁਆਰਾ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਗਈ।

# ਸ੍ਰੀ ਕ੍ਰਿਸ਼ਨ ਜਨਮ ਅਸਟਮੀ ਮੌਕੇ ਇੱਛਾ ਪੂਰਤੀ ਸ਼ਿਵ ਮੰਦਰ 'ਚ ਲੱਗੀਆਂ ਰੌਣਕਾਂ, ਸ਼ਰਧਾਲੂਆਂ ਨੇ ਸਰਧਾ ਤੇ ਉਤਸ਼ਾਹ ਨਾਲ ਕੀਤੇ ਦਰਸ਼ਨ



**ਚੌਕ ਮਹਿਤਾ, 5 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ੍ਰੀ ਕ੍ਰਿਸਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਇੱਛਾ ਪੂਰਤੀ ਸ਼ਿਵ ਮੰਦਿਰ ਤਰਨ ਤਾਰਨ ਰੋਡ ਗੰਢਾ ਸਿੰਘ ਕਾਲੋਨੀ ਗਲੀ ਨੰਬਰ 6 ਵਿੱਚ ਧਾਰਮਿਕ ਸਰਧਾ, ਉਤਸਾਹ ਅਤੇ ਭਗਤੀ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਮੰਦਰ ਨੂੰ ਸਾਨਦਾਰ ਢੰਗ ਨਾਲ ਸਜਾਇਆ ਗਿਆ ਅਤੇ ਵੱਡੀ ਗਿਣਤੀ ਵਿੱਚ ਸਰਧਾਲੂ ਮੰਦਰ ਵਿੱਚ ਪਹੁੰਚੇ ਅਤੇ ਪਰਿਵਾਰ ਦੀ ਸੁੱਖ-ਸਾਂਤੀ, ਖੁਸਹਾਲੀ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਇਸ ਅਸ਼ਟਮੀ ਮੌਕੇ ਮੰਦਰ ਦੇ ਮੁੱਖ ਸੇਵਾਦਾਰ ਪੰਡਿਤ ਧਰਮਪਾਲ ਨੇ ਸਰਧਾਲੂਆਂ ਨੂੰ ਇਸ ਪਵਿੱਤਰ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਇਸ ਮੌਕੇ ਸੰਗਤ ਨੂੰ ਭਗਵਾਨ ਸ੍ਰੀ ਕ੍ਰਿਸਨ ਵੱਲੋਂ ਦਿੱਤੇ ਗਏ ਗੀਤਾ ਦੇ ਸੰਦੇਸ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਪ੍ਰੇਰਣਾ ਦਿੱਤੀ।ਉਨ੍ਹਾਂ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਵੱਲੋਂ ਦਰਸਾਇਆ ਸੱਚ, ਧਰਮ, ਕਰਮ ਅਤੇ ਨਿਸਕਾਮ ਸੇਵਾ ਦਾ ਮਾਰਗ ਮਨੁੱਖ ਨੂੰ ਸਹੀ ਦਿਸਾ ਵੱਲ ਲੈ ਜਾਂਦਾ ਹੈ। ਇਸ ਮੌਕੇ ਰਜਨੀ ਬਾਲਾ, ਗੁਲਸ਼ਨ ਕੁਮਾਰ,ਵੀਨਾ ਰਾਣੀ,ਰਾਜਕੁਮਾਰ, ਕਵਿਤਾ, ਰੋਹਿਤ ਖੰਨਾ,ਆਰਤੀ,ਵਿਨੋਦ ਕੁਮਾਰ, ਮੁਸਕਾਨ, ਪ੍ਰਵੀਨ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ

# ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੜੀਵਾਰ ਗੁਰਬਾਣੀ ਕਥਾ ਵਿਚਾਰ ਦੀ ਹਾਜ਼ਰੀ ਭਰੀ










ਗੁਰਦੂਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਅੱਜ 5 ਸਤੰਬਰ 2026 ਨੂੰ ਲੜੀਵਾਰ ਗੁਰਬਾਣੀ ਕਥਾ ਵਿਚਾਰ ਦੀ ਹਾਜ਼ਰੀ ਭਰਦੇ ਹੋਏ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੂਆਰਾ ਪ੍ਰਬੰਧਕ ਕਮੇਟੀ,ਹਾਜ਼ਰ ਸਿੱਖ ਸੰਗਤਾਂ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਮੰਡੀ ਕਲਾਂ ਦੇ ਦਰਜਨ ਪਰਿਵਾਰਾਂ ਵੱਲੋਂ

# ਜੀਤਮਹਿੰਦਰ ਸਿੱਧੂ ਦੀ ਅਗਵਾਈ 'ਚ ਕਾਂਗਰਸ ਵਿੱਚ ਸ਼ਾਮਿਲ ਹੋਣ ਦਾ ਐਲਾਨ





**ਤਲਵੰਡੀ ਸਾਬੋ/ਮੌੜ ਮੰਡੀ, 5 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਹਲਕਾ ਮੌੜ ਚ ਕਾਂਗਰਸ ਦੀ ਅਗਵਾਈ ਕਰ ਰਹੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਨੇ ਅੱਜ ਹਲਕੇ ਦੇ ਪਿੰਡ ਮੰਡੀ ਕਲਾਂ ਦਾ ਦੌਰਾ ਕਰਦਿਆਂ ਜਿੱਥੇ ਪੰਜਾਬ ਸਰਕਾਰ ਨੂੰ ਕਈ ਮਸਲਿਆਂ ਤੇ ਘੇਰਿਆ ਉਥੇ ਪਿੰਡ 'ਚ ਵੱਖ-ਵੱਖ ਸਮਾਗਮਾਂ ਦੌਰਾਨ ਵੱਡੀ ਗਿਣਤੀ ਪਰਿਵਾਰਾਂ ਨੇ ਕਾਂਗਰਸ ਪਾਰਟੀ 'ਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਦੌਰੇ ਦੌਰਾਨ ਗੱਲਬਾਤ ਕਰਦਿਆਂ ਜੀਤਮਹਿੰਦਰ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਆਪ ਸਰਕਾਰ ਵੱਲੋਂ ਵਿਕਾਸ ਅਤੇ ਲੋਕ ਭਲਾਈ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਪਰ ਜ਼ਮੀਨੀ ਪੱਧਰ 'ਤੇ ਆਮ ਲੋਕ ਅੱਜ ਵੀ ਮੁੱਢਲੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਮਹਿੰਗਾਈ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਮੁਸ਼ਕਲਾਂ ਅਤੇ ਨੌਜਵਾਨਾਂ ਦੇ ਭਵਿੱਖ ਵਰਗੇ ਗੰਭੀਰ ਮੁੱਦਿਆਂ 'ਤੇ ਸਰਕਾਰ ਨੂੰ ਸਿਰਫ਼ ਬਿਆਨਬਾਜ਼ੀ ਦੀ ਬਜਾਏ ਠੋਸ ਕਦਮ ਚੁੱਕਣੇ ਚਾਹੀਦੇ ਹਨ। ਸਾਬਕਾ ਵਿਧਾਇਕ ਸਿੱਧੂ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਿਆਸੀ ਨਾਅਰਿਆਂ ਨਾਲ ਨਹੀਂ, ਸਗੋਂ ਕੰਮ ਨਾਲ ਜਵਾਬ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੀ ਆਵਾਜ਼ ਬਣ ਕੇ ਸਰਕਾਰ ਦੀਆਂ ਨਾਕਾਮੀਆਂ ਨੂੰ ਲੋਕਾਂ ਦੇ ਸਾਹਮਣੇ ਲਿਆਉਂਦੀ ਰਹੇਗੀ ਅਤੇ ਪੰਜਾਬ ਦੇ ਹੱਕਾਂ ਲਈ ਹਰ ਪੱਧਰ 'ਤੇ ਆਵਾਜ਼ ਬੁਲੰਦ ਕਰੇਗੀ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਕੇ ਲੋਕ-ਮੁੱਦਿਆਂ ਦੀ ਲੜਾਈ ਨੂੰ ਪਿੰਡਾਂ ਅਤੇ ਸ਼ਹਿਰਾਂ ਤੱਕ ਲਿਜਾਇਆ ਜਾਵੇਗਾ। ਉਨ੍ਹਾਂ ਵਰਕਰਾਂ ਨੂੰ ਇਕਜੁੱਟ ਹੋ ਕੇ ਲੋਕਾਂ ਨਾਲ ਖੜ੍ਹਨ ਦਾ ਸੱਦਾ ਵੀ ਦਿੱਤਾ। ਇਸ ਮੌਕੇ ਮੰਡੀ ਕਲਾਂ ਦੇ ਦਰਜ਼ਨ ਪਰਿਵਾਰਾਂ ਨੇ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੀ ਅਗਵਾਈ ਕਬੂਲਦਿਆਂ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ ਜਿਨ੍ਹਾਂ ਨੂੰ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਨੇ ਸਿਰੋਪੇ ਦੇ ਕੇ ਸਨਮਾਨਿਤ ਕਰਦਿਆਂ ਪਾਰਟੀ 'ਚ ਬਣਦਾ ਮਾਣ ਸਨਮਾਨ ਦੇਣ ਦਾ ਯਕੀਨ ਦਵਾਇਆ। ਦੌਰੇ ਦੌਰਾਨ ਸਿੱਧੂ ਨਾਲ ਵੱਡੀ ਗਿਣਤੀ ਮੌੜ ਹਲਕੇ ਦੇ ਕਾਂਗਰਸੀ ਆਗੂ ਵੀ ਨਜ਼ਰ ਆਏ।

# ਸ਼ਹੀਦ ਭਗਤ ਸਿੰਘ ਪੌਲੀਟੈਕਨਿਕ ਕਾਲਜ ਪੱਟੀ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ



**ਪੱਟੀ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ਼ਹੀਦ ਭਗਤ ਸਿੰਘ ਪੌਲੀਟੈਕਨਿਕ ਕਾਲਜ ਪੱਟੀ ਵਿਖੇ ਅਧਿਆਪਕ ਦਿਵਸ ਬੜੇ ਉਤਸ਼ਾਹ, ਸਤਿਕਾਰ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਹ ਸਮਾਰੋਹ ਡਾ. ਰਾਜੇਸ਼ ਭਾਰਦਵਾਜ ਚੇਅਰਮੈਨ, ਡਾ. ਮ੍ਰਿਦੁਲਾ ਭਾਰਦਵਾਜ ਮੈਨੇਜਿੰਗ ਡਾਇਰੈਕਟਰ, ਸੱਤਿਅਮ ਭਾਰਦਵਾਜ ਡਾਇਰੈਕਟਰ ਅਤੇ ਸ਼੍ਰੀਮਤੀ ਸ਼ੁਭੀ ਭਾਰਦਵਾਜ ਡਾਇਰੈਕਟਰ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ।ਸਮਾਰੋਹ ਦੌਰਾਨ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਪ੍ਰਤੀ ਦਿਲੋਂ ਧੰਨਵਾਦ ਅਤੇ ਸਤਿਕਾਰ ਪ੍ਰਗਟ ਕੀਤਾ।ਇਸ ਉਪਰੰਤ ਪ੍ਰਿੰਸੀਪਲ ਕਪਿਲ ਦੇਵ ਸ਼ਰਮਾ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਮਿਲ ਕੇ ਕੇਕ ਕੱਟਿਆ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵਿੱਚ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ। ਇਸ ਮੌਕੇ ਪ੍ਰਿੰਸੀਪਲ ਕਪਿਲ ਦੇਵ ਸ਼ਰਮਾ ਨੇ ਵਿਦਿਆਰਥੀਆਂ ਦੇ ਜੀਵਨ ਨੂੰ ਸਹੀ ਦਿਸ਼ਾ ਦੇਣ ਅਤੇ ਉਨ੍ਹਾਂ ਦੇ ਭਵਿੱਖ ਨੂੰ ਸੰਵਾਰਨ ਵਿੱਚ ਅਧਿਆਪਕਾਂ ਦੀ ਅਹਿਮ ਭੂਮਿਕਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਮਾਪਿਆਂ ਤੋਂ ਬਾਅਦ ਅਧਿਆਪਕ ਵਿਦਿਆਰਥੀਆਂ ਦੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕਾਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੁੰਦੀ ਹੈ ਜਦੋਂ ਉਨ੍ਹਾਂ ਦੇ ਵਿਦਿਆਰਥੀ ਜੀਵਨ ਵਿੱਚ ਸਫਲਤਾ ਹਾਸਲ ਕਰਕੇ ਉੱਚੇ ਮੁਕਾਮ ਪ੍ਰਾਪਤ ਕਰਦੇ ਹਨ।ਅੰਤ ਵਿੱਚ ਅਧਿਆਪਕਾਂ ਨੇ ਅਧਿਆਪਕ ਦਿਵਸ ਮੌਕੇ ਵਿਦਿਆਰਥੀਆਂ ਵੱਲੋਂ ਦਿੱਤੇ ਸਤਿਕਾਰ ਅਤੇ ਪਿਆਰ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸਮਾਰੋਹ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਰਮਿਆਨ ਗਿਆਨ, ਸਤਿਕਾਰ, ਮਾਰਗਦਰਸ਼ਨ ਅਤੇ ਪ੍ਰੇਰਣਾ 'ਤੇ ਆਧਾਰਿਤ ਅਮਰ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਵਿਚਾਰ ਆਪੋ-ਆਪਣਾ

### ਝੀਂਡਾ ਸਾਹਿਬ ਜਵਾਬ ਦੇਣ ?

# ਕੁਰਸੀ ਜਾਂ ਕੌਮ ?




ਹਰਿਆਣਾ ਦੀ ਸਿੱਖ ਕੌਮ ਜਗਦੀਸ਼ ਸਿੰਘ ਝੀਂਡਾ ਨੂੰ ਅੱਜ ਕੁੱਝ ਗੰਭੀਰ ਸਵਾਲ ਪੁੱਛ ਰਹੀ ਹੈ—ਸੰਸਥਾ ਪਹਿਲਾਂ ਜਾਂ ਕੁਰਸੀ ? ਕੌਮ ਪਹਿਲਾਂ ਜਾਂ ਵਿਅਕਤੀ ?

ਝੀਂਡਾ ਸਾਹਿਬ, ਸਵਾਲ ਸਿੱਧੇ ਹਨ—ਜਵਾਬ ਵੀ ਸਿੱਧੇ ਦਿਓ।

1 ਕੁਰਸੀ ਲਈ ਸਿਆਸੀ ਗੋਦਾਂ ਬਦਲਣ ਦੀ ਲੋੜ ਕਿਉਂ ਪਈ ?

ਪ੍ਰਧਾਨਗੀ ਲੈਣ ਲਈ ਪਹਿਲਾਂ BJP ਦੀ ਗੋਦ ਅਤੇ ਹੁਣ ਬਾਦਲਾਂ ਦੀ ਗੋਦ—ਕੀ ਇਹੀ ਕੌਮ ਦੀ ਅਗਵਾਈ ਹੈ ?

2 ਤੁਹਾਡਾ ਵਿਜ਼ਨ ਕਿੱਥੇ ਹੈ ?

ਹਰਿਆਣਾ ਦੀ ਸਿੱਖ ਕੌਮ ਲਈ ਤੁਹਾਡਾ ਰੋਡਮੈਪ ਕੀ ਹੈ ?

ਗੁਰੂਘਰਾਂ ਦਾ ਪ੍ਰਬੰਧ,,ਸਿੱਖਿਆ ? ਰੋਜ਼ਗਾਰ ? ਗ੍ਰੰਥੀ ਸਿੰਘਾਂ ਦੀ ਭਲਾਈ ? ਨੌਜਵਾਨਾਂ ਲਈ ਰੁਜ਼ਗਾਰ ਮੌਕੇ ? ਧਰਮ ਪ੍ਰਚਾਰ ?

ਜਾਂ ਸਾਰਾ ਵਿਜ਼ਨ ਸਿਰਫ਼ "ਕੁਰਸੀ ਕਿਵੇਂ ਬਚਾਈ ਜਾਵੇ" ਤੱਕ ਸੀਮਤ ਹੈ ?

3 5-7 ਜਰਨਲ ਇਜਲਾਸ ਅਤੇ 6 - 7 ਕਾਰਜਕਾਰੀ ਮੀਟਿੰਗਾਂ ਨਾਕਾਮ—ਇਹ ਕਿਸ ਦੀ ਜਵਾਬਦੇਹੀ ਹੈ ?

ਇੱਕ ਪ੍ਰਧਾਨ ਜੇਕਰ ਸੰਸਥਾ ਦੇ ਫੈਸਲੇ ਹੀ ਨਾ ਕਰ ਸਕੇ ਤਾਂ ਪ੍ਰਧਾਨਗੀ ਕਿਸ ਕੰਮ ਦੀ ?

4 ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਮਰਯਾਦਾ ਤੋਂ ਉਲਟ ਕਾਰਵਾਈ ਕਿਉਂ ?

ਗ੍ਰੰਥੀ ਸਿੰਘ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਝੂਠ ਬੋਲ ਕੇ ਅਰਦਾਸ ਕਰਨ ਲਈ ਮਜਬੂਰ ਕਰਨ ਦੀ ਨੌਬਤ ਕਿਉਂ ਆਈ ?

ਕੀ ਕੁਰਸੀ ਦੀ ਖਿੱਚ ਗੁਰੂ ਦੀ ਮਰਯਾਦਾ ਤੋਂ ਵੀ ਉੱਪਰ ਹੋ ਗਈ ?

5 ਗ੍ਰੰਥੀ ਸਿੰਘਾਂ ਨੂੰ ਫਿਰ ਇੱਕ ਵਾਰ ਝੂਠਾ ਵਾਅਦਾ—ਪਰ ਨੀਤੀ ਕਿੱਥੇ ?

ਇਕੱਠ ਕਰਕੇ 25% ਬੱਚਿਆਂ ਦੀ ਫੀਸ ਮਾਫ਼ ਕਰਨ ਦਾ ਐਲਾਨ ਕਰ ਦਿੱਤਾ ਗਿਆ।

ਕਿਹੜੇ ਸਕੂਲ ਵਿੱਚ ? ਕਿਹੜੇ ਬੱਚਿਆਂ ਦੀ ? ਕਿਹੜੇ ਨਿਯਮਾਂ ਅਧੀਨ ?

ਗ੍ਰੰਥੀ ਸਿੰਘਾਂ ਨੂੰ ਉਮੀਦ ਸੀ ਕਿ ਇਸ ਵਾਰ ਕੋਈ ਠੋਸ ਨੀਤੀ ਆਵੇਗੀ।

ਪਰ ਜੇਕਰ ਫਿਰ ਸਿਰਫ਼ ਐਲਾਨ ਅਤੇ ਝੂਠੀ ਵਾਹ-ਵਾਹੀ ਹੀ ਖੱਟਣੀ ਹੈ ਤਾਂ ਗ੍ਰੰਥੀ ਸਿੰਘਾਂ ਦੇ ਭਵਿੱਖ ਦਾ ਕੀ ?

ਉਨ੍ਹਾਂ ਲਈ ਨਾ ਕੋਈ ਮਜ਼ਬੂਤ ਸਰਟੀਫਿਕੇਟ ਕੋਰਸ, ਨਾ ਕੈਰੀਅਰ ਪਾਥ, ਨਾ ਸਿੱਖਿਆ ਨੀਤੀ ਅਤੇ ਨਾ ਹੀ ਕੋਈ ਲੰਮੇ ਸਮੇਂ ਦੀ ਭਲਾਈ ਯੋਜਨਾ।

6 ਸੁਰੱਖਿਆ ਅਤੇ ਸਟਾਫ਼ ਦਾ ਕੀ ਹਾਲ ਹੈ ?

ਗੁਰਦੁਆਰਿਆਂ ਵਿੱਚ ਜ਼ਰੂਰੀ ਮੁਲਾਜ਼ਮਾਂ ਦੀ ਘਾਟ।

ਲੋੜੀਂਦੀ ਟ੍ਰੇਨਿੰਗ ਦੀ ਘਾਟ।

ਸੁਰੱਖਿਆ ਪ੍ਰਬੰਧਾਂ 'ਤੇ ਸਵਾਲ।

ਰਿਸ਼ਤੇਦਾਰ ਮੁਲਾਜ਼ਮ ਗੈ.ਰਕਾਨੂੰਨੀ ਤਰੀਕੇ ਨਾਲ ਭਰਤੀ।

ਜੇਕਰ ਕੋਈ ਮੰਦਭਾਗੀ ਘਟਨਾ ਵਾਪਰ ਗਈ ਤਾਂ ਜ਼ਿੰਮੇਵਾਰੀ ਕੌਣ ਲਵੇਗਾ ?

7 ਸਿੱਖਿਆ ਸੰਸਥਾਵਾਂ ਡਿੱਗ ਰਹੀਆਂ ਹਨ—ਨਵਾਂ ਮਾਡਲ ਕਿੱਥੇ ਹੈ ?

ਜਿਹੜੇ ਸਕੂਲ ਅੱਜ ਵੀ ਵਧੀਆ ਕਰ ਰਹੇ ਹਨ, ਉਹ ਕਮੇਟੀ ਦੀ ਦੂਰਦਰਸ਼ੀ ਨੀਤੀ ਕਰਕੇ ਨਹੀਂ, ਸਗੋਂ ਸਥਾਨਕ ਮੈਂਬਰਾਂ ਦੀ ਮਿਹਨਤ ਨਾਲ ਕਰ ਰਹੇ ਹਨ।

ਦਸਮੇਸ਼ ਪਬਲਿਕ ਸਕੂਲ ਹੋਵੇ ਜਾਂ ਤ੍ਰਿਲੋਕੇਵਾਲਾ ਸਕੂਲ—ਇਹ ਸਥਾਨਕ ਯਤਨਾਂ ਦੀਆਂ ਉਦਾਹਰਨਾਂ ਹਨ, ਕਮੇਟੀ ਦੀ ਕਿਸੇ ਵੱਡੀ ਸਿੱਖਿਆ ਨੀਤੀ ਦੀਆਂ ਨਹੀਂ।

8 ਮੀਰੀ-ਪੀਰੀ ਮੈਡੀਕਲ ਇੰਸਟੀਚਿਊਟ ਦਾ ਮੌਕਾ ਕਿਉਂ ਗਵਾਇਆ ?

ਜਿੱਥੇ ਕੌਮ ਲਈ ਸਾਲਾਨਾ ਲਗਭਗ 10 ਕਰੋੜ ਰੁਪਏ ਦੇ ਯੋਗਦਾਨ ਵਾਲੀ ਸੰਸਥਾ ਕਮੇਟੀ ਲਈ ਵੱਡੀ ਤਾਕਤ ਬਣ ਸਕਦੀ ਸੀ, ਉੱਥੇ ਇਸ ਨੂੰ ਹਰਿਆਣਾ ਕਮੇਟੀ ਅਧੀਨ ਲਿਆਉਣ ਲਈ ਸਹਿਮਤੀ ਕਿਉਂ ਨਹੀਂ ਬਣੀ ? ਬਾਦਲਾਂ ਦੀ ਝੋਲੀ ਕਿਸ ਲਾਲਚ ਅਧੀਨ ਪਾ ਰਹੇ ਹੋ !

ਕੌਮ ਨੂੰ ਵੱਡਾ ਸਿੱਖਿਆ ਕੇਂਦਰ ਚਾਹੀਦਾ ਸੀ—ਕੁਰਸੀ ਨੂੰ ਸਿਆਸੀ ਸਹਾਰਾ ਚਾਹੀਦਾ ਸੀ। ਤਰਜੀਹ ਕੀ ਬਣੀ ?

9 1000 ਕਰੋੜ ਦੀ ਯੂਨੀਵਰਸਿਟੀ—ਪਰ ਯੋਜਨਾ ਅਤੇ ਪੈਸਾ ਕਿੱਥੇ ?

55 ਕਰੋੜ ਦਾ ਪਲਾਟ, 1000 ਕਰੋੜ ਦੀ ਯੂਨੀਵਰਸਿਟੀ, 350 ਸਕੂਲਾਂ ਲਈ ਘੱਟੋ-ਘੱਟ 3500 ਕਰੋੜ—ਉਹ ਵੀ ਜ਼ਮੀਨ ਦੀ ਕੀਮਤ ਤੋਂ ਬਿਨਾਂ।

ਇਹ ਸੁਪਨੇ ਹਨ ਜਾਂ ਹਕੀਕਤੀ ਯੋਜਨਾਵਾਂ ?

ਸੰਗਤ ਨੂੰ ਭਾਸ਼ਣ ਨਹੀਂ—ਪੂਰਾ ਹਿਸਾਬ, ਬਜਟ ਅਤੇ ਕਾਰਜਯੋਜਨਾ ਚਾਹੀਦੀ ਹੈ।

ਭ੍ਰਿਸ਼ਟਾਚਾਰ ਦੇ ਦੋਸ਼—ਨਿਰਪੱਖ ਜਾਂਚ ਕਦੋਂ ?

ਲਖਨੌਰ ਸਾਹਿਬ, ਸ਼ੀਸ਼ ਗੰਜ ਸਾਹਿਬ ਤਰਾਵੜੀ ਅਤੇ ਧਮਧਾਨ ਸਾਹਿਬ ਨਾਲ ਸਬੰਧਤ ਲੱਖਾਂ ਰੁਪਏ ਦੀਆਂ ਕਥਿਤ ਚੋਰੀਆਂ ਅਤੇ ਹੋਰ ਵਿੱਤੀ ਬੇਨਿਯਮੀਆਂ ਦੇ ਦੋਸ਼ ਗੰਭੀਰ ਹਨ।

ਜੇਕਰ ਸਭ ਕੁਝ ਸਾਫ਼ ਹੈ ਤਾਂ ਨਿਰਪੱਖ ਜਾਂਚ ਤੋਂ ਡਰ ਕਿਉਂ ?

ਜਾਂਚ ਹੋਵੇ।

ਰਿਕਾਰਡ ਸਾਹਮਣੇ ਆਵੇ।

ਦੋਸ਼ ਸੱਚੇ ਹਨ ਤਾਂ ਕਾਰਵਾਈ ਹੋਵੇ।

ਦੋਸ਼ ਝੂਠੇ ਹਨ ਤਾਂ ਦੋਸ਼ ਲਗਾਉਣ ਵਾਲਿਆਂ ਨੂੰ ਜਵਾਬ ਦੇਣਾ ਪਵੇ।

11 ਆਪਣੀ ਗੱਡੀ ਦਾ ਵੀ ਜਵਾਬ ਦਿਓ

ਜਦੋਂ ਹਰਿਆਣਾ ਕਮੇਟੀ ਵੱਲੋਂ ਗੱਡੀ ਪਹਿਲਾਂ ਹੀ ਉਪਲਬਧ ਕਰਵਾਈ ਗਈ ਸੀ, ਤਾਂ ਸੰਗਤ ਦੇ ਪੈਸੇ ਨਾਲ ਨਵੀਂ ਇਨੋਵਾ ਆਪਣੇ ਨਾਮ 'ਤੇ ਲੈਣ ਦੀ ਲੋੜ ਕਿਉਂ ਪਈ ?

ਕਮੇਟੀ ਦੇ ਪੈਸੇ ਦਾ ਹਰ ਰੁਪਇਆ ਸੰਗਤ ਦਾ ਹੈ—ਨਿੱਜੀ ਸਹੂਲਤ ਦਾ ਸਾਧਨ ਨਹੀਂ। ਗੁਰੂ ਘਰ ਦੀਆਂ ਕਾਰਾਂ ਗੋਲਕਾਂ ਮੁਲਾਜ਼ਮਾਂ ਦੀ ਤੁਹਾਡੇ ਵਲੋਂ ਕੀਤੀ ਜਾ ਰਹੀ ਦੁਰਵਰਤੋਂ ਦਾ ਜਵਾਬ ਦਿਉ ?

ਝੂਠੀ ਵਾਹ-ਵਾਹੀ ਨਾਲ ਕੌਮ ਨਹੀਂ ਚੱਲਦੀ

ਝੀਂਡਾ ਸਾਹਿਬ,

ਗ੍ਰੰਥੀ ਸਿੰਘਾਂ ਦਾ ਇਕੱਠ ਕਰਕੇ ਤਸਵੀਰਾਂ ਖਿੱਚਵਾਉਣ ਨਾਲ ਇਤਿਹਾਸ ਨਹੀਂ ਬਣਦਾ।

25% ਫੀਸ ਮਾਫ਼ੀ ਦਾ ਐਲਾਨ ਕਰਨ ਨਾਲ ਗ੍ਰੰਥੀ ਸਿੰਘਾਂ ਦੀ ਜ਼ਿੰਦਗੀ ਨਹੀਂ ਬਦਲਦੀ।

ਵੱਡੇ-ਵੱਡੇ ਅੰਕ ਬੋਲਣ ਨਾਲ ਯੂਨੀਵਰਸਿਟੀਆਂ ਨਹੀਂ ਬਣਦੀਆਂ।

ਕੁਰਸੀ ਬਚਾਉਣ ਨਾਲ ਕੌਮ ਦੀ ਤਰੱਕੀ ਨਹੀਂ ਹੁੰਦੀ।

ਕੌਮ ਨੂੰ ਵਾਹ-ਵਾਹੀ ਨਹੀਂ—ਕੰਮ ਚਾਹੀਦਾ ਹੈ।

ਕੌਮ ਨੂੰ ਐਲਾਨ ਨਹੀਂ—ਨਤੀਜੇ ਚਾਹੀਦੇ ਹਨ।

ਕੌਮ ਨੂੰ ਵਿਅਕਤੀ ਨਹੀਂ—ਮਜ਼ਬੂਤ ਸੰਸਥਾ ਚਾਹੀਦੀ ਹੈ।

ਅੰਤਿਮ ਸਵਾਲ

ਕੁਰਸੀ ਲਈ ਇੰਨੀ ਬੇਚੈਨੀ ਕਿਉਂ ?

ਕੌਮ ਲਈ ਇੰਨੀ ਖਾਮੋਸ਼ੀ ਕਿਉਂ ?

ਕੁਰਸੀ ਪਿਆਰੀ ਜਾਂ ਕੌਮ ?

ਵਿਅਕਤੀ ਪਿਆਰਾ ਜਾਂ ਸੰਸਥਾ ?

ਝੀਂਡਾ ਸਾਹਿਬ, ਕੁਰਸੀ ਤੁਹਾਡੀ ਨਿੱਜੀ ਜਾਇਦਾਦ ਨਹੀਂ।

ਇਹ ਕੌਮ ਦੀ ਸੰਸਥਾ ਹੈ।

ਇਹ ਸੰਗਤ ਦੀ ਅਮਾਨਤ ਹੈ।

ਅਤੇ ਅਮਾਨਤ ਦੀ ਰਾਖੀ ਕੁਰਸੀ ਨਾਲ ਚਿਪਕ ਕੇ ਨਹੀਂ—ਜਵਾਬਦੇਹੀ ਨਾਲ ਹੁੰਦੀ ਹੈ।

ਸੰਸਥਾ ਸਭ ਤੋਂ ਉੱਪਰ।

ਕੌਮ ਸਭ ਤੋਂ ਉੱਪਰ।

ਕੁਰਸੀ ਨਹੀਂ—ਕੌਮ ਪਹਿਲਾਂ।

**-ਸਰਦਾਰ ਗੁਰਤੇਜ ਸਿੰਘ ਅੰਬਾਲਾ**
**ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ**

ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਦੇ ਬਰਤਾਨੀਆ ਦੌਰੇ ਵਿਰੁੱਧ

# ਲੰਡਨ 'ਚ 'ਖ਼ਾਲਿਸਤਾਨ ਫ਼ਰੀਡਮ ਰੈਲੀ'






**ਲੰਡਨ, 5 ਸਤੰਬਰ (ਸਰਬਜੀਤ ਸਿੰਘ ਬਨੂੜ)**- ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਦੇ ਬਰਤਾਨੀਆ ਦੌਰੇ ਦੇ ਵਿਰੋਧ ਵਿੱਚ ਖ਼ਾਲਿਸਤਾਨ ਸਮਰਥਕ ਸਿੱਖਾਂ ਵੱਲੋਂ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਬਾਹਰ 'ਖ਼ਾਲਿਸਤਾਨ ਫ਼ਰੀਡਮ ਰੈਲੀ' ਕੀਤੀ ਗਈ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਆਰ.ਐੱਸ.ਐੱਸ., ਮੋਹਨ ਭਾਗਵਤ ਅਤੇ ਭਾਰਤੀ ਹਕੂਮਤ ਦੀਆਂ ਨੀਤੀਆਂ ਵਿਰੁੱਧ ਨਾਅਰੇਬਾਜ਼ੀ ਕੀਤੀ।

## ਭਾਰਤੀ ਹਾਈ ਕਮਿਸ਼ਨ ਦੇ ਬਾਹਰ ਹਿੰਦੂਤਵੀ ਵਿਚਾਰਧਾਰਾ ਅਤੇ ਘੱਟ-ਗਿਣਤੀਆਂ 'ਤੇ ਕਥਿਤ ਜ਼ੁਲਮਾਂ ਖ਼ਿਲਾਫ਼ ਚੁੱਕੀ ਆਵਾਜ਼

ਦਲ ਖ਼ਾਲਸਾ ਇੰਟਰਨੈਸ਼ਨਲ ਅਤੇ ਸਿੱਖਸ ਫ਼ਾਰ ਜਸਟਿਸ ਨਾਲ ਸਬੰਧਤ ਕਾਰਕੁਨਾਂ ਨੇ ਆਰ.ਐੱਸ.ਐੱਸ. ਉੱਤੇ ਹਿੰਦੂਤਵੀ ਫਾਸ਼ੀਵਾਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨ ਅਤੇ ਭਾਰਤ ਵਿੱਚ ਸਿੱਖਾਂ, ਈਸਾਈਆਂ, ਮੁਸਲਮਾਨਾਂ ਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਲਾਏ। ਉਨ੍ਹਾਂ ਨੇ ਈਸਾਈ ਭਾਈਚਾਰੇ ਵਿਰੁੱਧ ਵਾਪਰੀਆਂ ਹਿੰਸਕ ਘਟਨਾਵਾਂ ਅਤੇ ਗਿਰਜਾਘਰਾਂ ਨੂੰ ਨੁਕਸਾਨ ਪਹੁੰਚਾਏ ਜਾਣ ਲਈ ਵੀ ਆਰ.ਐੱਸ.ਐੱਸ. ਦੀ ਵਿਚਾਰਧਾਰਾ ਨੂੰ ਜ਼ਿੰਮੇਵਾਰ ਠਹਿਰਾਇਆ। ਪ੍ਰਦਰਸ਼ਨਕਾਰੀਆਂ ਨੇ ਕਿਹਾ, "ਅਸੀਂ ਦਹਿਸ਼ਤ ਫੈਲਾਉਣ ਵਾਲੇ ਰਾਜ-ਪ੍ਰਬੰਧ ਵਿਰੁੱਧ ਡਟ ਕੇ ਖੜ੍ਹੇ ਰਹਾਂਗੇ।" ਇਸ ਮੌਕੇ ਖ਼ਾਲਿਸਤਾਨ ਪੱਖੀ ਅਤੇ ਭਾਰਤ ਸਰਕਾਰ ਵਿਰੋਧੀ ਨਾਅਰੇ ਵੀ ਲਾਏ ਗਏ। ਬੁਲਾਰਿਆਂ ਨੇ ਕਿਹਾ ਕਿ ਉਹ ਭਾਰਤੀ ਹਕੂਮਤ ਦੀਆਂ ਕਥਿਤ ਦਮਨਕਾਰੀ ਨੀਤੀਆਂ ਅਤੇ ਵਿਦੇਸ਼ਾਂ ਵਿੱਚ ਸਿੱਖ ਕਾਰਕੁਨਾਂ ਨੂੰ ਦਰਪੇਸ਼ ਖ਼ਤਰਿਆਂ ਵਿਰੁੱਧ ਆਪਣੀ ਆਵਾਜ਼ ਲਗਾਤਾਰ ਬੁਲੰਦ ਕਰਦੇ ਰਹਿਣਗੇ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਖਾਲਿਸਤਾਨ ਦੇ ਝੰਡੇ ਚੁੱਕੇ ਹੋਏ ਸਨ। ਇਸ ਮੌਕੇ ਮੋਹਨ ਭਾਗਵਤ ਅਤੇ ਭਾਰਤੀ ਹਾਈ ਕਮਿਸ਼ਨ ਨਾਲ ਸਬੰਧਤ ਸੀਨੀਅਰ ਅਧਿਕਾਰੀਆਂ ਦੇ ਇਮਾਰਤ ਅੰਦਰ ਦਾਖ਼ਲ ਹੁੰਦਿਆਂ ਹੀ ਖ਼ਾਲਿਸਤਾਨ ਸਮਰਥਕ ਕਾਰਕੁਨਾਂ ਨੇ ਹਾਈ ਕਮਿਸ਼ਨ ਨੂੰ ਘੇਰ ਕੇ ਜ਼ੋਰਦਾਰ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਹਾਈ ਕਮਿਸ਼ਨ ਦੇ ਦਰਵਾਜ਼ੇ ਅੰਦਰੋਂ ਬੰਦ ਕਰ ਦਿੱਤੇ ਗਏ। ਇਸ ਦੌਰਾਨ ਕਈ ਸੁਰੱਖਿਆ ਕਰਮਚਾਰੀ ਅਤੇ ਅਧਿਕਾਰੀ ਇਮਾਰਤ ਦੇ ਬਾਹਰ ਤਾਇਨਾਤ ਰਹੇ, ਜਦਕਿ ਪ੍ਰਦਰਸ਼ਨਕਾਰੀ ਲਗਾਤਾਰ ਨਾਅਰੇ ਲਾਉਂਦੇ ਰਹੇ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਇੱਕ ਵੀਡੀਓ ਵਿੱਚ ਇੱਕ ਸਿੱਖ ਕਾਰਕੁਨ ਕਾਲੀਆਂ ਗੱਡੀਆਂ ਨੇੜੇ ਖੜ੍ਹੇ ਕਥਿਤ ਸੁਰੱਖਿਆ ਕਰਮਚਾਰੀਆਂ ਨੂੰ ਆਰ.ਐੱਸ.ਐੱਸ. ਦੀਆਂ ਨੀਤੀਆਂ ਬਾਰੇ ਸਵਾਲ ਕਰਦਾ ਅਤੇ ਮੋਹਨ ਭਾਗਵਤ ਵਿਰੁੱਧ ਨਾਅਰੇ ਲਾਉਂਦਾ ਰਿਹਾ।

ਆਵਾਜ਼ਿ ਕੌਮ AWAZE QAUM International Newspaper & WEB TV



# ਵਿਸਮਾਦੀ ਸੁਰਾਂ ਦੇ ਮਾਲਕ ਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਨੂੰ ਯਾਦ ਕਰਦਿਆਂ

## ਅੱਜ 6 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼



ਗੁਰਮਤਿ ਸੰਗੀਤ ਦੇ ਅਹਿਮ ਪੰਨੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਗੁਰਮਤਿ ਸੰਗੀਤ ਦੀਆਂ ਵਿਸਮਾਦੀ ਧੁੰਨਾਂ ਨਾਲ ਮਨੁੱਖੀ ਆਤਮਾ ਨੂੰ ਅਕਹਿ ਸ਼ਾਂਤੀ ਤੇ ਸਕੂਨ ਮਿਲਦਾ ਹੈ। ਸਾਡੀ ਆਤਮਾ ਗਗਨਚੰਭੀ ਉਚਾਈਆਂ ਨੂੰ ਛੂਹ ਲੈਂਦੀ ਹੈ। 20ਵੀਂ ਸਦੀ ਦੇ ਆਰੰਭ ਵਿੱਚ ਇਕ ਅਜਿਹਾ ਸੁਰੀਲਾ ਕੀਰਤਨੀਆ ਖ਼ਾਲਸਾ ਪੰਥ ਨੂੰ ਮਿਲਿਆ, ਜਿਸ ਨੇ ਭਰ ਜਵਾਨੀ ਵਿੱਚ ਗੁਰਬਾਣੀ ਕੀਰਤਨ ਦੀਆਂ ਧੁੰਨਾਂ ਨਾਲ ਲੱਖਾਂ ਹਿਰਦਿਆਂ ਨੂੰ ਸ਼ਾਂਤ ਕੀਤਾ। ਭਾਈ ਹੀਰਾ ਸਿੰਘ ਦਾ ਜਨਮ 1879 ਈ: ਨੂੰ ਪੱਛਮੀ ਪੰਜਾਬ ਦੇ ਜ਼ਿਲ੍ਹਾ ਸਰਗੋਧਾ ਦੇ ਪਿੰਡ ਫਰੂਕਾ ਵਿਖੇ ਭਾਈ ਭਾਗ ਸਿੰਘ ਅਤੇ ਮਾਤਾ ਸਭਰਾਈ ਦੇ ਗ੍ਰਹਿ ਵਿਖੇ ਹੋਇਆ। ਜ਼ਿਕਰ ਮਿਲਦਾ ਹੈ ਕਿ ਭਾਈ ਭਾਗ ਸਿੰਘ ਦੀ ਸ਼ਾਦੀ ਹੋਇਆਂ 18 ਵਰ੍ਹੇ ਬੀਤ ਗਏ, ਪਰ ਕੋਈ ਔਲਾਦ ਨਾ ਹੋਈ। ਸੇਵਾ ਪੰਥੀ ਬਾਬਾ ਰਾਮ ਸਿੰਘ ਦੀ ਅਰਦਾਸ ਨਾਲ ਭਾਈ ਹੀਰਾ ਸਿੰਘ ਦਾ ਜਨਮ ਹੋਇਆ। ਮੁੱਢਲੀ ਸਿੱਖਿਆ ਪਿੰਡ ਦੀ ਧਰਮਸ਼ਾਲਾ ਤੋਂ ਪ੍ਰਾਪਤ ਕੀਤੀ। ਇਸ ਤੋਂ ਪਿੱਛੋਂ ਪ੍ਰਾਇਮਰੀ ਦੀ ਪੜ੍ਹਾਈ ਵੀ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਮਿਡਲ ਕਰਨ ਲਈ ਸਾਹੀਵਾਲ ਜਾਣਾ ਪਿਆ। ਇਸ ਤੋਂ ਬਾਅਦ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਸਿੱਖਿਆ ਭਾਈ ਮਾਹਣਾ ਸਿੰਘ ਤੋਂ ਪ੍ਰਾਪਤ ਕੀਤੀ। ਭਾਈ ਹੀਰਾ ਸਿੰਘ ਦੇ ਪਿਤਾ ਜੀ ਭਾਈ ਭਾਗ ਸਿੰਘ ਦਾ ਸਾਰੰਗੀ ਤੇ ਤਾਊਸ ਵਜਾਉਣ ਵਿੱਚ ਕੋਈ ਮੁਕਾਬਲਾ ਨਹੀਂ ਸੀ। ਘਰ ਵਿੱਚ ਪਿਤਾ ਜੀ ਤੋਂ ਗੁਰਮਤਿ ਸੰਗੀਤ ਵਿੱਚ ਪ੍ਰਬੀਨਤਾ ਪ੍ਰਾਪਤ ਕਰਨ ਤੋਂ ਬਾਅਦ ਭਾਈ ਹੀਰਾ ਸਿੰਘ ਨੇ ਨਿਰੰਕਾਰੀ ਦਰਬਾਰ ਰਾਵਲਪਿੰਡੀ ਅਤੇ ਨਾਮਧਾਰੀ ਦਰਬਾਰ ਭੈਣੀ ਸਾਹਿਬ ਤੋਂ ਕਲਾਸੀਕਲ ਸੰਗੀਤ ਸਿੱਖ ਕੇ ਮੁਹਾਰਤ ਹਾਸਲ ਕੀਤੀ। ਭਾਈ ਹੀਰਾ ਸਿੰਘ ਦੀ ਆਪਣੇ ਜੀਵਨ ਦੀ ਸਭ ਤੋਂ ਵੱਡੀ ਕਮਾਈ ਉਸ ਸਮੇਂ ਨਾਮਬਾਣੀ ਦੇ ਰਸੀਏ ਮਹਾਂਪੁਰਸ਼ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਦੇ ਜਥੇ ਵਿੱਚ ਸ਼ਾਮਿਲ ਹੋ ਕੇ ਪ੍ਰਭੂ ਭਗਤੀ ਵਿੱਚ ਲੀਨ ਹੋਣਾ ਅਤੇ ਨਾਲ ਹੀ ਸੰਤ ਬਾਬਾ ਜੀ ਨਾਲ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਨਾ ਸੀ। 1897 ਈ: ਵਿੱਚ ਜਦੋਂ ਸਿੰਘ ਸਭਾ ਲਹਿਰ ਸਿੱਖ ਧਰਮ ਦੇ ਪ੍ਰਚਾਰ ਨੂੰ ਸਿਖਰ 'ਤੇ ਪਹੁੰਚਾ ਚੁੱਕੀ ਸੀ, ਉਸ ਸਮੇਂ ਆਪ ਆਪਣੇ ਪਰਿਵਾਰ ਸਮੇਤ ਸ੍ਰੀ ਅੰਮ੍ਰਿਤਸਰ ਆ ਵਸੇ।


-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



ਇਥੇ ਆ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਆਪਣੇ ਸਮੇਂ ਉੱਘੇ ਹਜ਼ੂਰੀ ਕੀਰਤਨੀਏ ਭਾਈ ਤਖ਼ਤ ਸਿੰਘ ਤੋਂ ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਗ੍ਰਹਿਣ ਕੀਤੀਆਂ। ਉਹ ਅਜਿਹਾ ਸਮਾਂ ਸੀ ਜਦੋਂ ਸਿੱਖ ਕੌਮ ਸਿੱਖਿਆ ਦੇ ਖੇਤਰ ਵਿੱਚ ਬਹੁਤ ਪੱਛੜੀ ਹੋਈ ਸੀ। 1908 ਈ: ਵਿੱਚ ਚੀਫ਼ ਖ਼ਾਲਸਾ ਦੀਵਾਨ ਵੱਲੋਂ ਹੋਈ ਵਿੱਦਿਅਕ ਕਾਨਫਰੰਸ ਲਈ ਥਾਂ-ਪੁਰ-ਥਾਂ ਜਾ ਕੇ ਸਿੱਖਿਆ ਦੇ ਪ੍ਰਸਾਰ, ਪ੍ਰਚਾਰ ਤੇ ਵਿਕਾਸ ਲਈ ਰਾਤ-ਦਿਨ ਪ੍ਰਚਾਰ ਮੁਹਿੰਮ ਵਿੱਚ ਯੋਗਦਾਨ ਪਾਇਆ। ਅਸਲ ਵਿੱਚ ਚੀਫ਼ ਖ਼ਾਲਸਾ ਦੀਵਾਨ ਨੇ ਸਿੱਖਿਆ ਦੇ ਪ੍ਰਸਾਰ ਲਈ ਜਿਹੜਾ ਕਾਰਜ ਆਰੰਭਿਆ ਸੀ, ਉਸ ਲਈ ਸਭ ਤੋਂ ਵੱਧ ਨਿੱਠ ਕੇ ਕਾਰਜ ਕਰਨ ਵਾਲਿਆਂ ਵਿੱਚ ਭਾਈ ਹੀਰਾ ਸਿੰਘ ਨੂੰ ਵੱਡਾ ਮਾਣ ਪ੍ਰਾਪਤ ਹੋਇਆ। ਭਾਈ ਹੀਰਾ ਸਿੰਘ ਨੇ ਆਪਣੇ ਪਿਤਾ ਜੀ ਨਾਲ ਜਿਹੜਾ ਕੀਰਤਨੀ ਜਥਾ ਬਣਾਇਆ, ਉਸ ਜਥੇ ਨੇ ਅਣਵੰਡੇ ਦੇਸ਼ ਵਿੱਚ ਲੱਖਾਂ ਸਿੱਖ ਸੰਗਤਾਂ ਨੂੰ ਵਿਸਮਾਦੀ ਸੁਰਾਂ ਨਾਲ ਕੀਲਿਆ। ਆਪ ਦੀ ਅਵਾਜ਼ ਵਿੱਚ ਵਿਸ਼ੇਸ਼ ਕਿਸਮ ਦੀ ਰੱਬੀ ਬਖ਼ਿਸ਼ਸ਼ ਸੀ। 1925 ਈ: ਵਿੱਚ ਭਾਈ ਹੀਰਾ ਸਿੰਘ ਗਵਾਲੀਅਰ ਵਿਖੇ ਕੀਰਤਨ ਦੀ ਸੇਵਾ ਨਿਭਾਉਣ ਲਈ ਪ੍ਰਚਾਰ ਦੌਰੇ 'ਤੇ ਗਏ ਹੋਏ ਸਨ, ਜਦੋਂ ਉਨ੍ਹਾਂ ਇਲਾਹੀ ਬਾਣੀ ਦੀ ਕੀਰਤਨ ਦੀ ਧੁਨੀ ਦਾ ਰਾਗ-ਬੱਧ ਸੁਰ ਅਲਾਪਿਆ ਅਤੇ ਨਾਲ ਹੀ ਇਤਿਹਾਸ ਦੀ ਕਥਾ ਸਰਵਣ ਕਰਵਾਈ। ਉਥੇ ਪੁੱਜੇ ਹੋਏ ਸਰੋਤਿਆਂ ਵਿੱਚ ਇਕ ਮੁਸਲਮਾਨ ਸ਼ਰਧਾਲੂ ਹਾਜ਼ੀ ਮਸਕੀਨ ਵੀ ਝੂਮਣ ਲੱਗ ਪਿਆ। ਹੁਣ ਉਹ ਭਾਈ ਹੀਰਾ ਸਿੰਘ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਵੀ ਬੜੀ ਸ਼ਰਧਾ ਭਾਵਨਾ ਨਾਲ ਪੁੱਜਾ। ਉਸ ਨੇ ਇਕ ਲੱਖ ਪੰਜਤਾਲੀ ਹਜ਼ਾਰ ਸੰਦਲੀ ਤਾਰਾਂ ਦਾ ਆਪਣੇ ਹੱਥੀਂ ਬਣਾਇਆ ਸੁੰਦਰ ਚੌਰ ਧੰਨ ਗੁਰੂ ਰਾਮਦਾਸ ਜੀ ਦੇ ਪਾਵਨ ਸ੍ਰੀ ਦਰਬਾਰ ਸਾਹਿਬ ਭੇਟ ਕੀਤਾ, ਜੋ ਅੱਜ ਵੀ ਤੋਸ਼ੇਖਾਨੇ ਵਿੱਚ ਸੁਰੱਖਿਅਤ ਹੈ। ਇਹ ਵਿਸਮਾਦੀ ਸੁਰਾਂ ਦਾ ਮਾਲਕ ਭਾਈ ਹੀਰਾ ਸਿੰਘ ਗੰਭੀਰ ਬੀਮਾਰੀ ਨਾਲ 6 ਸਤੰਬਰ, 1926 ਈ: ਦੇਹਰਾਦੂਨ ਵਿਖੇ ਆਪਣੇ ਪਿਆਰੇ ਕੀਰਤਨ ਰਸੀਏ ਸਿੱਖ, ਮੁਸਲਮਾਨ ਤੇ ਹਿੰਦੂ ਸਰੋਤਿਆਂ ਨੂੰ ਸਦੀਵੀ ਵਿਛੋੜਾ ਦੇ ਗਿਆ। ਸਿੱਖ ਸੰਗਤ ਅਤੇ ਦੂਜੇ ਧਰਮਾਂ ਦੇ ਲੱਖਾਂ ਸਰੋਤਿਆਂ ਵੱਲੋਂ ਜਿਹੜਾ ਮਾਣ ਭਾਈ ਹੀਰਾ ਸਿੰਘ ਨੂੰ ਮਿਲਿਆ, ਉਸ ਦੀ ਗਵਾਹੀ ਉਸ ਸਮੇਂ ਦੇ ਵੱਖ-ਵੱਖ ਭਾਸ਼ਾਵਾਂ ਵਾਲੇ ਛਪਣ ਵਾਲੇ ਅਖ਼ਬਾਰਾਂ ਤੇ ਰਸਾਲਿਆਂ ਨੇ ਆਪਣੇ ਪੰਨਿਆਂ ਵਿੱਚ ਕੀਤਾ ਅਤੇ ਹਿਰਦੇ ਵੇਦਕ ਸ਼ਰਧਾਂਜਲੀਆਂ ਭੇਟ ਕੀਤੀਆਂ। ਅੱਜ ਮਹਾਨ ਕੀਰਤਨੀਏ ਦੀ ਯਾਦ ਹੀ ਬਾਕੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




ਪੰਥ ਦੇ ਮਹਾਨ ਕੀਰਤਨੀਏ

# ਭਾਈ ਸਾਹਿਬ ਭਾਈ ਬਹਾਦਰ ਸਿੰਘ ਜੀ
## 'ਰਾਕੇਟ'

ਅੱਜ ਸ਼ੁੱਕਰਵਾਰ, 4 ਸਤੰਬਰ 2026 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।

ਭਾਈ ਸਾਹਿਬ ਜੀ ਨੇ ਆਪਣਾ ਜੀਵਨ ਗੁਰਬਾਣੀ ਕੀਰਤਨ ਅਤੇ ਗੁਰੂ ਘਰ ਦੀ ਸੇਵਾ ਨੂੰ ਸਮਰਪਿਤ ਕੀਤਾ। ਉਨ੍ਹਾਂ ਵੱਲੋਂ ਕੀਤੀ ਗਈ ਪੰਥ ਦੀ ਸੇਵਾ ਅਤੇ ਉਨ੍ਹਾਂ ਦਾ ਕੀਰਤਨ ਸਦਾ ਸੰਗਤਾਂ ਦੇ ਹਿਰਦਿਆਂ ਵਿੱਚ ਵੱਸਦਾ ਰਹੇਗਾ।

ਵਾਹਿਗੁਰੂ ਜੀ ਵਿਛੋੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਸਮੂਹ ਪਰਿਵਾਰ ਤੇ ਸੰਗਤਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

IT IS WITH DEEP SADNESS THAT WE SHARE THAT

# BHAI SAHIB BHAI BAHADAR SINGH JI
## 'ROCKET'

departed from us today, Friday, 4 September 2026, and has gone to rest at the feet of Guru Maharaj Ji.

Bhai Sahib Ji dedicated his life to Gurbani Kirtan and the service of the Guru's house. His seva to the Panth and the beautiful Kirtan he shared with countless Sangats will forever remain in their hearts.

May Waheguru Ji grant the departed soul a place at His feet and bless the entire family and Sangat with the strength to accept His will.

WAHEGURU JI KA KHALSA, WAHEGURU JI KI FATEH

ਆਵਾਜ਼ਿ ਕੌਮ AWAZE QAUM International Newspaper & WEB TV




★ ਜਾਰੀ ਕਰਤਾ ★

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

+447458381111 +447976210161 +919729091243